
NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED
Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Black Friday
Deals
VISIT US IN STORE FOR
EXCLUSIVE OFFERS
GET $50 IN-STORE CREDIT*
*WITH NEW ACTIVATION ON
A $40/MO DATA, TALK & TEXT PLAN
chatr™
AUTHORIZED DEALER
Offer Available Nov 28th, 29th, 30th | Dec 1st & 2nd at :
379 Main St. North Brampton | 905-451-0379
2456 Lake shore Blvd W. Etobicoke | 416-259-3654
*Valid at participating location(s) above. Only applicable with new activation on a $40/mo or higher Data, Talk & Text plan. In-store credit cannot be applied to top-ups, bill payments or redeemed for cash and has no cash value. Visit chatrmobile.com/plans for more details. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਲਾਉਣੀ ਠਿੱਬੀ ਤੇ ਮੋਦੀ ਗਿਆ ਲਾ ਠਿੱਬੀ,
ਵਿੰਹਦਾ ਰਹਿ ਗਿਆ ਸ਼ਰਦ ਪਵਾਰ ਬੇਲੀ।
ਗੁੱਡੀ ਪਹੁੰਚੀ ਆਕਾਸ਼ੀਂ ਨਹੀਂ ਠਾਕਰੇ ਦੀ,
ਕਾਂਟੀ ਗਿਆ ਵਿਚਕਾਰੋਂ ਕੋਈ ਮਾਰ ਬੇਲੀ।
ਫਿਰ ਵੀ ਭਾਜਪਾ ਹੈ ਦਾਅਵਾ ਕਰੀ ਜਾਂਦੀ,
ਸਭ ਤੋਂ ਉਤਮ ਹੈ ਸਾਡਾ ਕਿਰਦਾਰ ਬੇਲੀ।
ਟਿਕੀ ਗੱਲ ਵਿਧਾਇਕਾਂ 'ਤੇ ਆਣ ਓਧਰ,
ਕਿਹਦੀ ਹੋਊਗੀ ਆਖਰ ਸਰਕਾਰ ਬੇਲੀ।
ਲੋਕੀਂ ਜਾਂਦੇ ਸਨ ਜੰਗਲ ਸ਼ਿਕਾਰ ਖੇਡਣ,
ਹੋ ਗਏ ਸ਼ਹਿਰ ਸ਼ਿਕਾਰ ਨੂੰ ਫਿੱਟ ਬੇਲੀ।
ਜਿਸ ਦੇ ਕੋਲ ਆ ਪਾਵਰ ਜਾਂ ਨੋਟ ਬੇਲੀ,
ਲੈਂਦਾ ਦੂਜਿਆਂ ਨੂੰ ਏਦਾਂ ਈ ਸਿੱਟ ਬੇਲੀ।

**ਤੀਸ ਮਾਰ ਖਾਂ**

## ਬਲੂਮਬਰਗ ਨੇ ਅਮਰੀਕਾ ਦੀ ਰਾਸ਼ਟਰਪਤੀ ਚੋਣ ਲਈ ਬਾਕਾਇਦਾ ਦਾਅਵਾ ਪੇਸ਼ ਕੀਤਾ



ਵਾਸ਼ਿੰਗਟਨ, 24 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਅਗਲੇ ਸਾਲ ਹੋ ਰਹੀਆਂ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਉਮੀਦਵਾਰ ਬਣਨ ਲਈ ਨਿਊਯਾਰਕ ਦੇ ਸਾਬਕਾ ਮੇਅਰ ਮਾਇਕਲ ਬਲੂਮਬਰਗ ਨੇ ਅੱਜ ਐਤਵਾਰ ਨੂੰ ਰਸਮੀ ਰੂਪ ਨਾਲ ਦਾਅਵੇਦਾਰੀ ਪੇਸ਼ ਕਰ ਦਿੱਤੀ ਹੈ। ਉਨ੍ਹਾਂ ਦੀ ਪਛਾਣ ਜਲਵਾਯੂ ਪਰਿਵਰਤਨ ਦੇ ਖਿਲਾਫ ਕਾਰਜ ਕਰਨ ਵਾਲੇ ਵਰਕਰ ਅਤੇ ਭਾਰਤ-ਅਮਰੀਕਾ ਸਬੰਧਾਂ ਦੇ ਪੱਕੇ ਸਮਰਥਕ ਦੀ ਰਹੀ ਹੈ।

ਵਰਨਣ ਯੋਗ ਹੈ ਕਿ 77 ਸਾਲਾ ਬਲੂਮਬਰਗ ਇਸ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦਾ ਬਾਕਾਇਦਾ ਉਮੀਦਵਾਰ ਬਣਨ ਦੀ ਦੌੜ ਵਿੱਚ ਸ਼ਾਮਲ ਹੋਣ ਵਾਲੇ ਆਖਰੀ ਨੇਤਾ ਹਨ। ਉਮੀਦਵਾਰ ਚੁਣਨ ਦਾ ਕੰਮ ਅਗਲੇ ਸਾਲ 3 ਫਰਵਰੀ ਤੋਂ ਆਯੋਵਾ ਕਾਕਸ ਦੀਆਂ ਪ੍ਰਾਇਮਰੀ ਚੋਣਾਂ ਦੌਰਾਨ ਹੋਵੇਗਾ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਿੱਤਰ ਬਲੂਮਬਰਗ ਪਿਛਲੇ ਕਈ ਸਾਲਾਂ ਵਿੱਚਲਗਾਤਾਰ ਭਾਰਤ ਆਉਂਦੇ ਰਹੇ ਹਨ। ਬਲੂਮਬਰਗ ਨੇ ਕਿਹਾ: ਮੈਂ ਡੋਨਾਲਡ ਟਰੰਪ ਨੂੰ ਹਰਾਉਣ ਅਤੇ ਅਮਰੀਕਾ ਦੀ ਮੁੜ ਉਸਾਰੀ ਲਈ ਰਾਸ਼ਟਰਪਤੀ ਚੋਣ ਲੜਾਂਗਾ। ਅਸੀਂ ਹੋਰ 4 ਸਾਲ ਤੱਕ ਰਾਸ਼ਟਰਪਤੀ ਟਰੰਪ ਦੇ ਬਿਨਾਂ ਸੋਚੇ ਅਤੇ ਅਨੈਤਿਕ ਕਦਮਾਂ ਨੂੰ ਨਹੀਂ ਸਹਿ ਸਕਦੇ। ਉਨ੍ਹਾਂ ਨੇ ਸਾਡੇ ਦੇਸ਼ ਦੇ ਅਕਸ ਤੇ ਸਾਡੇ ਦੇਸ਼ ਦੇ ਮੁੱਲਾਂ ਲਈ ਖਤਰਾ ਪੈਦਾ ਕਰ ਦਿੱਤਾ ਹੈ। ਬਲੂਮਬਰਗ ਨੇ ਕਿਹਾ ਕਿ ਜੇ ਟਰੰਪ ਦੁਬਾਰਾ ਜਿੱਤ ਗਏ ਤਾਂ ਅਸੀਂ ਉਨ੍ਹਾਂ ਰਾਹੀਂ ਹੋਏ ਨੁਕਸਾਨ ਦੀ ਕਦੇ ਭਰਪਾਈ ਨਹੀਂ ਕਰ ਪਾਵਾਂਗੇ। ਇਸ ਨਾਲ ਹੋਰ ਖਤਰਾ ਹੋ ਸਕਦਾ ਹੈ। ਅਸੀਂ ਇਹ ਚੋਣਾਂ ਜ਼ਰੂਰ ਜਿੱਤਾਂਗੇ ਤੇ ਅਮਰੀਕਾ ਦੀ ਮੁੜ ਉਸਾਰੀ ਦੀ ਸ਼ੁਰੂਆਤ ਕਰਾਂਗੇ। ਮੈਨੂੰ ਆਪਣੇ ਕਾਰੋਬਾਰੀ, ਪ੍ਰਸ਼ਾਸਨਿਕ ਅਤੇ ਲੋਕਾਂ ਭਲੇ ਦੇ ਆਪਣੇ ਤਜਰਬੇ ਦਾ ਭਰੋਸਾ ਹੈ, ਜੋ ਮੈਨੂੰ ਜਿੱਤਣ ਅਤੇ ਅਗਵਾਈ ਕਰਨ ਵਿੱਚ ਮਦਦ ਕਰੇਗਾ।

## ਮਹਾਰਾਸ਼ਟਰ ਮਾਮਲਾ: ਸੁਪਰੀਮ ਕੋਰਟ ਵੱਲੋਂ ਦੁਬਾਰਾ ਸੁਣਵਾਈ ਲਈ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ

*** ਅਜੀਤ ਪਵਾਰ ਅਜੇ ਵੀ ਭਾਜਪਾ ਦਾ ਸਾਥ ਨਾ ਛੱਡਣ ਉੱਤੇ ਅੜਿਆ * ਸ਼ਰਦ ਪਵਾਰ ਕਹਿੰਦਾ: ਭਾਜਪਾ ਨਾਲ ਗੱਠਜੋੜ ਕਿਸੇ ਹਾਲਤ ਨਹੀਂ**

ਮੁੰਬਈ, 24 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਵਿਚਾਲੜੀ ਰਾਤ ਭਾਜਪਾ ਆਗੂ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਬਣਾਈ ਗਈ ਨਵੀਂ ਸਰਕਾਰ ਦਾ ਕੇਸ ਸੁਪਰੀਮ ਕੋਰਟ ਦੇ ਅਹਾਤੇ ਵਿੱਚ ਪਹੁੰਚ ਗਿਆ ਹੈ। ਇਸ ਬਾਰੇ ਅੱਜ ਐਤਵਾਰ ਦੀ ਸੁਣਵਾਈ ਦੇ ਬਾਅਦ ਸੁਪਰੀਮ ਕੋਰਟ ਨੇ ਸੋਮਵਾਰ ਤੱਕ ਮੁਲਤਵੀ ਕਰ ਕੇ ਅਗਲੀ ਸੁਣਵਾਈ ਕਰਨ ਲਈਐੱਨ ਸੀ ਪੀ-ਸ਼ਿਵ ਸੈਨਾ ਦੀ ਅਰਜ਼ੀ ਉੱਤੇ ਕੇਂਦਰ ਸਰਕਾਰ, ਰਾਜ ਸਰਕਾਰ, ਦੇਵੇਂਦਰ ਫੜਨਵੀਸ ਅਤੇ ਐੱਨ ਸੀ ਪੀ ਵਿੱਚੋਂ ਟੁੱਟ ਕੇ ਭਾਜਪਾ ਨਾਲ ਡਿਪਟੀ ਮੁੱਖ ਮੰਤਰੀ ਬਣੇ ਅਜੀਤ ਪਵਾਰ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।ਅਦਾਲਤ ਨੇ ਗਵਰਨਰਵੱਲੋਂ ਜਾਰੀ ਕੀਤੇ ਗਏ ਆਦੇਸ਼ ਦੀ ਕਾਪੀ ਵੀ ਮੰਗੀ ਹੈ ਅਤੇ ਸੋਮਵਾਰ ਸਵੇਰੇ 10.30 ਵਜੇ ਫਿਰ ਸੁਣਵਾਈ ਸ਼ੁਰੂ ਕਰਨ ਦਾ ਸਮਾਂ ਨਿਸ਼ਚਤ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਸ਼ੁੱਕਰ ਅਤੇ ਸ਼ਨੀਵਾਰ ਦੀ ਵਿਚਾਲੜੀ ਰਾਤ ਮਹਾਰਾਸ਼ਟਰ ਦੇ ਗਵਰਨਰ ਵੱਲੋਂਭਾਜਪਾ ਆਗੂ ਦੇਵੇਂਦਰ ਫੜਨਵੀਸ ਨੂੰ ਗੁੱਪ-ਚੁੱਪ ਸਹੁੰ ਚੁਕਾਉਣ ਦੇ ਫੈਸਲੇ ਖਿਲਾਫ ਐੱਨ ਸੀ ਪੀ-ਸ਼ਿਵ ਸੈਨਾ ਨੇ ਸਾਂਝੀ ਅਰਜ਼ੀ ਦਾਇਰ ਕੀਤੀ ਸੀ। ਇਸ ਅਰਜ਼ੀ ਉੱਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅੱਜ ਸਾਰੀਆਂ ਧਿਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।ਕੋਰਟ ਨੇ ਆਪਣੇ ਆਦੇਸ਼ ਵਿੱਚ ਸਰਕਾਰ ਬਣਾਉਣ ਤੋਂ ਪਹਿਲਾਂ ਬਹੁ-ਸੰਮਤੀ ਦਾ ਦਾਅਵਾ ਕਰਨ ਲਈ ਗਵਰਨਰ ਨੂੰ ਭਾਜਪਾ ਵੱਲੋਂ ਪੇਸ਼ ਕੀਤਾ ਗਿਆ ਵਿਧਾਇਕਾਂ ਦਾ ਸਮਰਥਨ ਪੱਤਰ ਵੀ ਮੰਗਿਆ ਹੈ। ਅੱਜ ਦੇ ਸੁਪਰੀਮ ਕੋਰਟ ਦੇ ਹੁਕਮ ਤੋਂ ਇਹ ਸਾਫ ਹੋ ਗਿਆ ਹੈ ਕਿ ਨਵੀਂ ਸਰਕਾਰ ਦੇ ਫਲੋਰ ਟੈਸਟ ਦਾ ਫੈਸਲਾ ਸੋਮਵਾਰ ਹੀ ਆ ਸਕਦਾ ਹੈ।

ਅੱਜ ਸੁਪਰੀਮ ਕੋਰਟ ਵਿੱਚ ਕਾਂਗਰਸ-ਐੱਨ ਸੀ ਪੀਅਤੇ ਸ਼ਿਵਸੈਨਾ ਦੀ ਅਰਜ਼ੀ ਉੱਤੇਭਾਜਪਾ ਦਾ ਪੱਖ ਪੇਸ਼ ਕਰ ਰਹੇ ਵਕੀਲ ਮੁਕੁਲ ਰੋਹਤਗੀ ਵੱਲੋਂ ਸਵਾਲ ਉਠਾਉਣ ਉੱਤੇ ਜਸਟਿਸ ਐੱਨ ਵੀ ਰਾਮੰਨਾ ਨੂੰ ਕਿਹਾ ਕਿ ਕੋਰਟ ਵਿੱਚ ਕੋਈ ਕਿਸੇ ਵੀ ਦਸਤਾਵੇਜ਼ ਦੀ ਮੰਗ ਕਰ ਸਕਦਾ ਹੈ ਅਤੇ ਕੋਈ ਵਿਅਕਤੀ ਉਸ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਵੀ ਕਹਿ ਸਕਦਾ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵਿੱਚਸ਼ਿਵ ਸੈਨਾਵੱਲੋਂ ਸੁਪਰੀਮ ਕੋਰਟ ਵਿੱਚਪੇਸ਼ ਵਕੀਲ ਕਪਿਲ ਸਿੱਬਲ ਨੇ ਕਿਹਾਕਿ ਅਸੀਂ ਕਰਨਾਟਕ ਵਿੱਚ ਵੀ ਇਹੋ ਕੁਝ ਹੁੰਦਾ ਦੇਖਿਆ ਹੈ। ਜੇ ਉਨ੍ਹਾਂ ਕੋਲ ਬਹੁਮਤ ਹੈ ਤਾਂ ਉਨ੍ਹਾਂ ਨੂੰ ਬਹੁਮਤ ਸਾਬਿਤ ਕਰਨਾ ਚਾਹੀਦਾ ਹੈ। ਏਸੇ ਪੱਖ ਵੱਲੋਂ ਸੁਪਰੀਮ ਕੋਰਟ ਵਿੱਚਪੇਸ਼ ਹੋਏ ਵਕੀਲ ਅਭਿਸ਼ੇਕ ਮਨੂ ਸਿੰਘਵੀਨੇ ਕਿਹਾ ਕਿ ਜਦੋਂ ਸ਼ਾਮ 7 ਵਜੇ ਐਲਾਨ ਕੀਤਾ ਗਿਆ ਸੀ ਕਿ ਅਸੀਂ ਸਰਕਾਰ ਬਣਾਉਣ ਲਈ ਦਾਅਵਾ ਕਰ ਰਹੇ ਹਾਂ ਅਤੇ ਊਧਵ ਠਾਕਰੇ ਇਸ ਦੀ ਅਗਵਾਈ ਕਰਨਗੇ ਤਾਂ ਕੀ ਗਵਰਨਰਉਡੀਕ ਨਹੀਂ ਕਰ ਸਕਦੇ ਸਨ?ਮਨੂ ਸਿੰਘਵੀ ਨੇ ਕਿਹਾ ਕਿ ਐੱਨ ਸੀ ਪੀ ਨੇ ਫੈਸਲਾ ਕੀਤਾ ਹੈ ਕਿ ਅਜੀਤ ਪਵਾਰ ਵਿਧਾਇਕ ਪਾਰਟੀ ਦੇ ਆਗੂ ਨਹੀਂਰਹੇ, ਜੇ ਅਜੀਤ ਕੋਲ ਉਸ ਦੀ ਪਾਰਟੀ ਦਾ ਸਮਰਥਨ ਹੀ ਨਹੀਂ ਤਾਂ ਉਹ ਡਿਪਟੀ ਮੁੱਖ ਮੰਤਰੀ ਕਿਵੇਂ ਰਹਿ ਸਕਦੇ ਹਨ?

ਇਸ ਦੌਰਾਨ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਅਸ਼ੋਕ ਚਵਾਨ ਨੇ ਕਿਹਾ ਕਿ ਸ਼ਿਵ ਸੈਨਾ-ਐੱਨ ਸੀ ਪੀ-ਕਾਂਗਰਸ ਦੇ ਗੱਠਜੋੜ ਦੇ ਕੋਲ ਵਿਧਾਇਕਾਂ ਦੀ ਗਿਣਤੀ ਦੀ ਤਾਕਤ ਹੈ। ਕਈ ਵਿਧਾਇਕ ਪਹਿਲਾਂ ਭਟਕ ਗਏ ਸਨ ਤੇ ਉਹ ਵੀ ਵਾਪਸ ਆ ਗਏ ਹਨ। ਬਾਕੀ ਲੋਕ ਵੀ ਵਾਪਸ ਆ ਜਾਣਗੇ। ਸਾਡੇ ਸਾਰੇ 44 ਵਿਧਾਇਕ ਸਹੀ ਥਾਂਸੁਰੱਖਿਅਤ ਹਨ ਤੇ ਸਾਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਅਸ਼ੋਕ ਚਵਾਨ ਨੇ ਕਿਹਾ ਕਿ ਮੈਂ ਸ਼ਰਦ ਪਵਾਰ ਸਾਹਿਬ ਨੂੰ ਮਿਲਿਆ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਵਿਧਾਇਕਾਂ ਦੇ ਪੱਤਰ ਦੀ ਦੁਰਵਰਤੋਂ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਪਿਛਲੇ ਮੁੱਖ ਮੰਤਰੀ ਅਤੇ ਭਾਜਪਾ ਦੇ ਆਗੂ ਦਵਿੰਦਰ ਫੜਨਵੀਸ ਨੇ ਸ਼ਨੀਵਾਰ ਸਵੇਰੇ ਮੁੱਖ ਮੰਤਰੀ ਵਜੋਂ ਅਤੇ ਐੱਨ ਸੀ ਪੀ ਨੇਤਾ ਅਜੀਤ ਪਵਾਰ ਨੇ ਡਿਪਟੀ ਮੁੱਖ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁੱਕੀ ਸੀ। ਇਸ ਦੇ ਬਾਅਦ ਐੱਨ ਸੀ ਪੀ ਵੱਲੋਂ ਆਪਣੇ ਬਾਗੀ ਹੋਰ ਰਹੇ ਨੇਤਾ ਅਜੀਤ ਪਵਾਰ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤਾਂ ਉਹ ਭਾਜਪਾ ਦਾ ਸਾਥ ਛੱਡਣ ਨੂੰ ਨਹੀਂ ਮੰਨੇ ਅਤੇ ਅਜੀਤ ਪਵਾਰ ਨੇ ਆਪਣਾ ਟਵਿੱਟਰ ਹੈਂਡਲ ਵੀ ਬਦਲ ਲਿਆ। ਉਨ੍ਹਾਂ ਨੇ ਆਪਣੇ ਟਵਿੱਟਰ ਹੈਂਡਲ ਉੱਤੇ ਮਹਾਰਾਸ਼ਟਰ ਦਾ ਡਿਪਟੀ ਮੁੱਖ ਮੰਤਰੀ ਲਿਖ ਲਿਆਤੇ ਇੱਕ ਟਵੀਟ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦੇ ਹੋਏ



ਲਿਖਿਆ,'ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਬਹੁਤ-ਬਹੁਤ ਧੰਨਵਾਦ। ਉਨ੍ਹਾਂ ਕਿਹਾ ਕਿ ਅਸੀਂ ਇਕ ਸਥਿਰ ਸਰਕਾਰ ਯਕੀਨੀ ਕਰਾਂਗੇ, ਜੋ ਮਹਾਰਾਸ਼ਟਰ ਦੇ ਲੋਕਾਂ ਦੇ ਬਿਹਤਰ ਭਵਿੱਖ ਅਤੇ ਭਲੇ ਲਈ ਸਖਤ ਮਿਹਨਤ ਕਰੇਗੀ।' ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਐਤਵਾਰ ਇਕ ਟਵੀਟ ਕਰ ਕੇ ਲਿਖਿਆ ਸੀ, 'ਮਹਾਰਾਸ਼ਟਰ ਵਿੱਚ ਦਵਿੰਦਰ ਫੜਨਵੀਸ ਜੀ ਨੂੰ ਮੁੱਖ ਮੰਤਰੀ ਤੇ ਅਜੀਤ ਪਵਾਰ ਜੀ ਨੂੰ ਡਿਪਟੀ ਮੁੱਖ ਮੰਤਰੀ ਬਣਨ ਦੀ ਵਧਾਈ। ਮੈਨੂੰ ਯਕੀਨ ਹੈ ਕਿ ਉਹ ਮਹਾਰਾਸ਼ਟਰ ਦੇ ਬਿਹਤਰ ਭਵਿੱਖ ਲਈ ਕੰਮ ਕਰਾਂਗੇ।'

ਅਜੀਤ ਪਵਾਰ ਨੇ ਇੱਕ ਟਵੀਟ ਨੇ ਕਿਹਾ ਕਿ ਭਾਜਪਾ-ਐੱਨਸੀ ਪੀ ਗਠਜੋੜ ਮਹਾਰਾਸ਼ਟਰ ਵਿੱਚਇੱਕ ਸਥਾਈ ਸਰਕਾਰ ਦੇਵੇਗਾ। ਉਸ ਨੇ ਭਾਜਪਾ ਨਾਲ ਸਾਂਝ ਉੱਤੇ ਜ਼ੋਰ ਦਿੱਤਾ ਸੀ। ਅਜੀਤ ਪਵਾਰ ਦੇ ਇਸ ਟਵੀਟਦੇ ਬਾਅਦ ਉਨ੍ਹਾਂ ਦੇ ਚਾਚਾ ਸ਼ਰਦ ਪਵਾਰ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਭਾਜਪਾ ਨਾਲ ਕਿਸੇ ਹਾਲ ਸਰਕਾਰ ਨਹੀਂ ਬਣਾਉਣਗੇ। ਅਜੀਤ ਪਵਾਰ ਝੂਠਾ ਬਿਆਨ ਦੇ ਰਹੇ ਹਨ।ਸ਼ਰਦ ਪਵਾਰ ਨੇ ਟਵੀਟ ਵਿੱਚ ਲਿਖਿਆ, 'ਭਾਜਪਾ ਨਾਲ ਸਰਕਾਰ ਬਣਾਉਣ ਦਾ ਕੋਈ ਸਵਾਲ ਹੀ ਨਹੀਂ। ਐੱਨ ਸੀ ਪੀ ਨੇ ਸਾਂਝੀ ਸਰਕਾਰ ਬਣਾਉਣ ਲਈ ਸ਼ਿਵ ਸੇਨਾ ਨਾਲ ਗਠਜੋੜ ਕਰਨ ਦਾ ਫੈਸਲਾ ਲਿਆ ਹੈ। ਅਜੀਤ ਪਵਾਰ ਦਾ ਬਿਆਨ ਝੂਠਾ ਅਤੇ ਲੋਕਾਂ ਵਿਚਾਲੇ ਸ਼ੱਕ ਪੈਦਾ ਕਰਦਾ ਹੈ।'ਮਹਾਰਾਸ਼ਟਰ ਸਰਕਾਰ ਦੇ ਡਿਪਟੀ ਮੁੱਖ ਮੰਤਰੀ ਬਣਨ ਪਿੱਛੋਂ ਅਜੀਤ ਪਵਾਰ ਨੇ ਇਕ ਟਵੀਟ ਕਰ ਕੇ ਇਹ ਵੀ ਲਿਖਿਆ ਕਿ ਸ਼ਰਦ ਪਵਾਰ ਉਨ੍ਹਾਂ ਦੇ ਨੇਤਾ ਹਨ। ਅਜੀਤ ਨੇ ਇਹ ਵੀ ਦਾਅਵਾ ਕੀਤਾਸੀ ਕਿ ਉਹ ਹਾਲੇ ਤੱਕਐੱਨ ਸੀ ਪੀ ਵਿੱਚ ਹਨ ਅਤੇ 'ਸਾਡਾ ਭਾਜਪਾ-ਐੱਨ ਸੀ ਪੀ ਗਠਜੋੜ ਇਸ ਰਾਜ ਵਿੱਚ ਅਗਲੇ ਪੰਜ ਸਾਲ ਤਕ ਚੱਲਣ ਵਾਲੀ ਸਰਕਾਰ ਦੇਵੇਗਾ, ਜਿਹੜੀ ਰਾਜ ਦੇ ਲੋਕਾਂ ਦੇ ਭਲੇ ਲਈ ਕੰਮ ਕਰੇਗੀ।' ਸ਼ਰਦ ਪਵਾਰ ਨੇ ਇਸ ਦਾ ਮੋੜਵਾਂ ਜਵਾਬ ਦਿੱਤਾ ਸੀ।

ਚੱਲਦੇ ਘਟਨਾ ਚੱਕਰ ਦੇ ਦੌਰਾਨ ਐੱਨ ਸੀ ਪੀ ਵਿਧਾਇਕ ਦੌਲਤ ਦਰੋਡਾ, ਜਿਨ੍ਹਾਂ ਦੇ ਲਾਪਤਾ ਹੋਣ ਬਾਰੇ ਸ਼ਿਕਾਇਤ ਦਰਜ ਕੀਤੀ ਗਈ ਸੀ, ਮਿਲ ਗਏ ਹਨ। ਉਨ੍ਹਾਂ ਨੇ ਅੱਜ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਦਾ ਪਾਰਟੀ ਛੱਡਣ ਦਾ ਸਵਾਲ ਨਹੀਂ ਅਤੇ ਨਾਲ ਇਹ ਵੀ ਕਿਹਾ ਕਿ ਉਹ ਸ਼ਰਦ ਪਵਾਰ ਜਾਂ ਅਜੀਤ ਪਵਾਰ ਵੱਲੋਂ ਲਏ ਹਰ ਫੈਸਲੇ ਦਾ ਪਾਲਨ ਕਰਨਗੇ।ਦਰੋਡਾ ਨੇ ਇਕ ਵੀਡੀਓ ਮੈਸੇਜ ਵਿੱਚ ਕਿਹਾ, 'ਮੈਂ ਸੁਰੱਖਿਅਤ ਹਾਂ। ਮੈਂ ਘੜੀ ਦੇ ਨਿਸ਼ਾਨ (ਐੱਨ ਸੀ ਪੀ) ਉੱਤੇ ਜਿੱਤ ਕੇ ਆਇਆ ਹਾਂ, ਇਸ ਲਈ ਪਾਰਟੀ ਬਦਲਣ ਦਾ ਸਵਾਲ ਹੀ ਨਹੀਂ। ਸ਼ਰਦ ਪਵਾਰ ਅਤੇ ਅਜੀਤ ਪਵਾਰ ਜੋ ਵੀ ਫੈਸਲਾ ਲੈਂਦੇ ਹਨ, ਮੈਂ ਉਨ੍ਹਾਂ ਦੇ ਨਾਲ ਹਾਂ, ਮੈਂ ਕਿਸੇ ਉੱਤੇ ਵਿਸ਼ਵਾਸ ਨਹੀਂ ਕਰਦਾ। ਉਨ੍ਹਾਂ ਨਾਲ ਕਿਹਾ ਕਿ ਕਿਸੇ ਅਫਵਾਹ ਉੱਤੇ ਧਿਆਨ ਨਾ ਦੇਣ।ਉਂਜ ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਭਾਜਪਾ ਸਰਕਾਰ ਬਣਾਏ ਜਾਣ ਦੇ ਕੁਝ ਘੰਟੇ ਬਾਅਦ ਠਾਣੇ ਪੁਲਿਸ ਸਟੇਸ਼ਨ ਵਿੱਚ ਸ਼ਨਿਚਰਵਾਰ ਇਕ ਐੱਨ ਸੀ ਪੀ ਵਿਧਾਇਕ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕੀਤੀ ਗਈ ਸੀ, ਕਿਉਂਕਿਐੱਨ ਸੀ ਪੀ ਵਿਧਾਇਕ ਦੌਲਤ ਦਾਰੋਡਾ ਸ਼ਨਿਚਰਵਾਰ ਨੂੰ ਗਵਰਨਰ ਹਾਊਸ ਜਾਣਮਗਰੋਂ ਗਾਇਬ ਹਨ, ਜਿੱਥੇ ਦੇਵੇਂਦਰ ਫੜਨਵੀਸ ਤੇ ਅਜੀਤ ਪਵਾਰ ਨੇ ਅਹੁਦੇ ਦੀ ਸਹੁੰ ਲੈਣਗੇ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ Pain-Care Ext. Use Only $9.99
ਮਰਦਾਂ ਲਈ He-Oil For Men Only $19.99
Stress-Care Joint Support $9.99
ਔਰਤਾਂ ਲਈ Chest Massage Oil Feel Relaxed $14.99
GNR Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
The Mortgage Centre
I direct mortgages Inc.
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫ਼ਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia 416.677.0047

## ਪ੍ਰਿਅੰਕਾ ਗਾਂਧੀ ਅੱਗੇ ਅੜਿੱਕਾ ਬਣਦੇ 10 ਸੀਨੀਅਰ ਆਗੂ ਕਾਂਗਰਸ ਨੇ ਪਾਰਟੀ ਵਿੱਚੋਂ ਕੱਢੇ



ਲਖਨਊ, 24 ਨਵੰਬਰ, (ਪੋਸਟ ਬਿਊਰੋ)-ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਦੇ ਫ਼ੈਸਲਿਆਂ ਉੱਤੇ ਵਿਰੋਧ ਪ੍ਰਗਟਾਉਣਾ ਉੱਤਰ ਪ੍ਰਦੇਸ਼ ਦੇ ਕੁਝ ਸੀਨੀਅਰ ਕਾਂਗਰਸੀ ਆਗੂਆਂ ਨੂੰ ਮਹਿੰਗਾ ਪੈ ਗਿਆ। ਹਾਈ ਕਮਾਨ ਦੇ ਨਿਰਦੇਸ਼ ਉੱਤੇ ਨੋਟਿਸ ਦਿੱਤੇ ਜਾਣ ਦੇ ਬਾਅਦ ਅਨੁਸ਼ਾਸਨ ਕਮੇਟੀ ਨੇ ਇਨ੍ਹਾਂ 11 ਵਿਚੋਂ 10 ਕਾਂਗਰਸੀ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਛੇ ਸਾਲ ਲਈ ਪਾਰਟੀ ਵਿਚੋਂ ਕੱਢ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਾਰਟੀ ਸੰਗਠਨ ਵਿਚ ਨੌਜਵਾਨਾਂ ਨੂੰ ਸੀਨੀਅਰਾਂ ਤੋਂ ਵੱਧ ਪਹਿਲ ਦਿੱਤੇ ਜਾਣ ਉੱਤੇ ਸੀਨੀਅਰ ਕਾਂਗਰਸੀ ਆਗੂਆਂ ਵਿਚ ਬੇਚੈਨੀ ਹੈ। ਇਨ੍ਹਾਂ ਵਿਚੋਂ ਕਰੀਬ ਡੇਢ ਦਰਜਨ ਆਗੂਆਂ ਨੇ ਪਿਛਲੇ ਦਿਨੀਂ ਸਾਬਕਾ ਪਾਰਲੀਮੈਂਟ ਮੈਂਬਰ ਸੰਤੋਸ਼ ਸਿੰਘ ਦੀ ਰਿਹਾਇਸ਼ ਉੱਤੇ ਬੈਠਕ ਕਰਕੇ ਉਨ੍ਹਾਂ ਨੂੰ ਅਣਗੌਲੇ ਕੀਤੇ ਜਾਣ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ। ਇਸ ਦੇ ਨਾਲ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਮਿਲ ਕੇ ਸੁਝਾਅ ਦੇਣ ਦਾ ਫ਼ੈਸਲਾ ਲਿਆ ਸੀ, ਜਿਸ ਪਿੱਛੋਂ ਪ੍ਰਿਅੰਕਾ ਦੇ ਨਿਰਦੇਸ਼ ਉੱਤੇ 21 ਨਵੰਬਰ ਨੂੰ ਅਨੁਸ਼ਾਸਨ ਕਮੇਟੀ ਨੇ ਬੈਠਕ ਵਿਚ ਸ਼ਾਮਲ 11 ਆਗੂਆਂ ਲਈ ਨੋਟਿਸ ਜਾਰੀ ਕਰ ਕੇ ਉਨ੍ਹਾਂ ਤੋਂ 24 ਘੰਟੇ ਵਿਚ ਸਪੱਸ਼ਟੀਕਰਨ ਮੰਗਿਆ ਸੀ। ਅੱਜ ਐਤਵਾਰ ਨੂੰ ਅਨੁਸ਼ਾਸਨ ਕਮੇਟੀ ਨੇ ਇਨ੍ਹਾਂ ਵਿਚੋਂ 10 ਸੀਨੀਅਰ ਕਾਂਗਰਸੀ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ 6 ਸਾਲ ਲਈ ਕੱਢ ਦਿੱਤਾ ਹੈ। ਇਨ੍ਹਾਂ ਵਿਚੋਂ ਸਿਰਫ਼ ਸਾਬਕਾ ਵਿਧਾਇਕ ਹਾਫਿਜ਼ ਮੁਹੰਮਦ ਉਮਰ ਉੱਤੇ ਕਾਰਵਾਈ ਨਹੀਂ ਕੀਤੀ ਗਈ। ਪਾਰਟੀਤੋਂ ਕੱਢੇ ਗਏ ਦਿੱਗਜ ਨੇਤਾਵਾਂ ਵਿੱਚ ਸਾਬਕਾ ਪਾਰਲੀਮੈਂਟ ਮੈਂਬਰ ਸੰਤੋਸ਼ ਸਿੰਘ, ਸਾਬਕਾ ਐੱਮ ਐੱਲਸੀ ਸਿਰਾਜ ਮੇਂਹਦਰੀ, ਰਾਜ ਦੇ ਸਾਬਕਾ ਮੰਤਰੀ ਰਾਮਕ੍ਰਿਸ਼ਨ ਦਿਵੇਦੀ, ਸਾਬਕਾ ਮੰਤਰੀ ਸੱਤਿਆਦੇਵ ਤ੍ਰਿਪਾਠੀ, ਸਾਬਕਾ ਵਿਧਾਇਕ ਭੂਧਰ ਨਾਰਾਇਣ ਮਿਸ਼ਰ, ਨੇਕਚੰਦ ਪਾਂਡੇ, ਵਿਨੋਦ ਚੌਧਰੀ, ਯੂਥ ਕਾਂ-ਗਰਸ ਦੇ ਸਾਬਕਾ ਸੂਬਾ ਪ੍ਰਧਾਨ ਸਵੈਮਪ੍ਰਕਾਸ਼ ਗੋਸਵਾਮੀ, ਕੁੱਲ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਰਾਜਿੰਦਰ ਸਿੰਘ ਸੋਲੰਕੀ ਤੇ ਗੋਰਖਪੁਰ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸੰਜੀਵ ਸਿੰਘ ਸ਼ਾਮਲ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UKTTC UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal 647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2


ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਿਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਪੂਰਨ ਸਿੰਘ ਪਾਂਧੀ ਦੀ ਪੁਸਤਕ "ਜਿਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ" ਲੋਕ ਅਰਪਣ

## ਖੇਡ ਲੇਖਕ ਤੇ ਉੱਘੇ ਵਾਰਤਕਕਾਰ ਪ੍ਰਿੰ: ਸਰਵਣ ਸਿੰਘ ਅਤੇ ਲਿਪੀਕਾਰ ਕਿਰਪਾਲ ਸਿੰਘ ਪੰਨੂੰ ਸਨਮਾਨਿਤ





ਮੋਗਾ, 24 ਨਵੰਬਰ (ਗਿਆਨ ਸਿੰਘ): ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ,ਸਾਹਿਤਕ ਸੰਸਥਾ ਲੋਕ ਸਾਹਿਤ ਅਕਾਦਮੀ ਮੋਗਾ ਵਲੋਂ ਸ਼ਾਨਦਾਰ ਸਾਹਿਤਕ ਸਮਾਗਮ ਕੀਤਾ ਗਿਆ। ਇਹ ਸਮਾਗਮ ਸੰਗੀਤ ਗਿਆਤਾ, ਸਿੱਖਿਆ ਦੇ ਖੇਤਰ ਦੀ ਉੱਘੀ ਸ਼ਖਸ਼ੀਅਤ, ਗੁਰਬਾਣੀ ਦੇ ਵਿਆਖਿਆਕਾਰ ਅਤੇ ਉੱਘੇ ਵਾਰਤਕ ਲੇਖਕ ਪੂਰਨ ਸਿੰਘ ਪਾਂਧੀ ਦੀ ਨਵੀਂ ਪੁਸਤਕ "ਜਿੰਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ" ਦੇ ਲੋਕ ਅਰਪਣ ਕਰਨ ਲਈ ਕੀਤਾ ਕੀਤਾ ਗਿਆ ਸੀ। ਪੁਸਤਕ ਲੋਕ ਅਰਪਣ ਕਰਨ ਦੀ ਰਸਮ ਪ੍ਰਸਿੱਧ ਖੇਡ ਲੇਖਕ ਪ੍ਰਿੰ: ਸਰਵਣ ਸਿੰਘ, ਕੰਪਿਊਟਰ ਲਈ ਪੰਜਾਬੀ ਦੇ ਫੌਂਟ ਬਣਾਉਣ ਵਾਲੇ ਪ੍ਰਸਿੱਧ ਲਿਪੀਕਾਰ ਕਿਰਪਾਲ ਸਿੰਘ ਪੰਨੂੰ, ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਵਿਅੰਗਕਾਰ ਕੇ ਐਲ ਗਰਗ, ਡਾ: ਕੰਵਲਜੀਤ ਢਿਲੋਂ, ਲੋਕ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਗੁਰਮੀਤ ਕੜਿਆਲਵੀ, ਮਹਿੰਦਰ ਸਾਥੀ, ਸ਼ਾਇਰ ਰਣਜੀਤ ਸਰਾਂਵਾਲੀ ਅਤੇ ਹਾਜ਼ਰ ਸਾਹਿਤਕਾਰਾਂ ਨੇ ਨਿਭਾਈ।

ਪੁਸਤਕ ਬਾਰੇ ਬੋਲਦਿਆਂ ਖੇਡ ਲੇਖਕ ਸਰਵਣ ਸਿੰਘ ਨੇ ਆਖਿਆ ਕਿ ਪੂਰਨ ਸਿੰਘ ਦੀ ਵਾਰਤਕ ਸੁਰੀਲੀ ਤੇ ਰਸੀਲੀ ਹੈ। ਇਹ ਅਨਹਦ ਨਾਦ ਦੀ ਵਿਸਮਾਦੀ ਵਾਰਤਾ ਹੈ। ਪੰਜਾਬੀ ਸਾਹਿਤ ਨੂੰ ਅਜਿਹੀ ਵਾਰਤਾ 'ਤੇ ਮਾਣ ਹੈ। ਉਹਨਾਂ ਕਿਹਾ ਕਿ ਪਾਂਧੀ ਦੀ ਵਾਰਤਕ ਵਿੱਚ ਕਵਿਤਾ ਜਿਹਾ ਸੁਰ ਤਾਲ ਅਤੇ ਲੈਅ ਹੈ। ਸ੍ਰੀ ਕਿਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਪੂਰਨ ਸਿੰਘ ਜਦੋਂ ਲਿਖਦਾ ਹੈ ਤਾਂ ਵਿਸ਼ੇਸ਼ਣਾਂ ਅਤੇ ਕਿਰਿਆ ਵਿਸ਼ੇਸ਼ਣਾਂ ਦਾ ਦਰਿਆ ਵਹਿ ਤੁਰਦਾ ਹੈ। ਉਹ ਇੱਕੋ ਸਮੇ ਗੁਰਬਾਣੀ ਅਤੇ ਵਿਆਕਰਣ ਦਾ ਗਿਆਨਵਾਨ, ਸੰਗੀਤ ਦੀਆਂ ਬਾਰੀਕੀਆਂ ਦਾ ਪਾਰਖੂ,ਸਾਜ਼ਾਂ ਦਾ ਗਿਆਤਾ,ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਦਾ ਵਿਆਖਿਆਕਾਰ ਤੇ ਸੁਰੀਲਾ ਵਾਰਤਕਕਾਰ ਹੈ।

ਬਲਦੇਵ ਸਿੰਘ ਸੜਕਨਾਮਾ ਨੇ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿੱਚ ਸੰਗੀਤ ਅਤੇ ਧਾਰਮਿਕ ਖੇਤਰ ਦੀਆਂ ਨੌਂ ਅਹਿਮ ਸਖਸ਼ੀਅਤਾਂ ਬਾਰੇ ਸ਼ਬਦ ਚਿਤਰ ਲਿਖੇ ਗਏ ਹਨ। ਇਹਨਾਂ 'ਚ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਮਹਾਨ ਵਿਦਵਾਨ ਗਿਆਨੀ ਦਿੱਤ ਸਿੰਘ,ਗਿਆਨੀ ਸੰਤ ਸਿੰਘ ਮਸਕੀਨ, ਕੀਰਤਨ ਕਲਾ ਦੇ ਮਾਹਰ ਸੰਤ ਸੁਜਾਨ ਸਿੰਘ ਅਤੇ ਕਲਾਸੀਕਲ ਗਾਇਕੀ ਦੇ ਸਿਰਮੌਰ ਹਸਤਾਖ਼ਰ ਗਿਆਨੀ ਸ਼ੇਰ ਸਿੰਘ ਆਦਿ ਪ੍ਰਮੁੱਖ ਹਨ। ਕੇ ਐਲ ਗਰਗ, ਗੁਰਚਰਨ ਸਿੰਘ ਸੰਘਾ ਅਤੇ ਅਮਰ ਸੂਫੀ ਨੇ ਪੂਰਨ ਸਿੰਘ ਪਾਂਧੀ ਵਲੋਂ ਸਿੱਖਿਆ ਦੇ ਖੇਤਰ 'ਚ ਪਾਏ ਯੋਗਦਾਨ ਬਾਰੇ ਚਰਚਾ ਕੀਤੀ।

ਇਸ ਮੌਕੇ 'ਤੇ ਪ੍ਰਵਾਸੀ ਲੇਖਕਾਂ ਪ੍ਰਿੰਸੀਪਲ ਸਰਵਣ ਸਿੰਘ, ਕਿਰਪਾਲ ਸਿੰਘ ਪੰਨੂੰ, ਗੁਰਬਚਨ ਸਿੰਘ ਚਿੰਤਕ, ਭਾਰਤੀ ਔਰਤਾਂ ਦੀ ਰਾਸ਼ਟਰੀ ਫੈਡਰੇਸ਼ਨ(ਐਨ ਐਫ ਆਈ ਡਬਲਿਊ) ਦੀ ਸਰਗਰਮ ਆਗੂ ਡਾ: ਕੰਵਲਜੀਤ ਢਿਲੋਂ, ਅਤੇ ਜਗਰੂਪ ਸਿੰਘ ਗਿੱਲ ਨਾਲ ਰੂਬਰੂ ਵੀ ਕੀਤਾ ਗਿਆ। ਪ੍ਰਿੰ: ਸਰਵਣ ਸਿੰਘ ਨੇ ਆਪਣੀ ਲੇਖਣ ਕਲਾ ਅਤੇ ਜੀਵਨ ਅਨੁਭਵ ਬਾਰੇ ਭਾਵਪੂਰਤ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਅਕਾਦਮੀ ਦੇ ਪ੍ਰਧਾਨ ਡਾ: ਸੁਰਜੀਤ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਪ੍ਰਸਿੱਧ ਸ਼ਾਇਰ ਰਣਜੀਤ ਸਰਾਂਵਾਲੀ, ਰਾਜਦੀਪ ਤੂਰ,ਬੇਅੰਤ ਕੌਰ ਗਿੱਲ, ਦਿਲਬਾਗ ਸਿੰਘ ਬੁੱਕਣਵਾਲਾ, ਗੁਰਮੇਜ਼ ਗੇਜ਼ਾ, ਸਾਧੂ ਰਾਮ ਲੰਗੇਆਣਾ, ਹਰਵਿੰਦਰ ਬਿਲਾਸਪੁਰ, ਅਵਤਾਰ ਕਮਾਲ,ਸੁਖਚਰਨ ਸਿੰਘ ਸਿੱਧੂ ਨੇ ਆਪਣੀਆਂ ਰਚਨਾਵਾਂ ਨਾਲ ਮਾਹੌਲ ਨੂੰ ਕਾਵਿਕ ਰੰਗਣ ਦਿੱਤੀ। ਸਮਾਗਮ 'ਚ ਗੁਰਮੇਲ ਸਿੰਘ ਚੰਦ ਨਵਾਂ, ਡਾ: ਹਰਬੰਸ ਸਿੰਘ ਦਿੱਲੀ, ਬਲਵੀਰ ਸਿੰਘ ਰਾਮੂੰਵਾਲਾ, ਕਹਾਣੀਕਾਰ ਰੁਪਿੰਦਰ ਚੁਗਾਵਾਂ ਅਤੇ ਬਲਵਿੰਦਰ ਸਿੰਘ ਰੋਡੇ ਸਮੇਤ ਬਹੁਤ ਸਾਰੀਆਂ ਸਾਹਿਤਕ ਹਸਤੀਆਂ ਮੌਜੂਦ ਸਨ। ਮੰਚ ਦਾ ਸੰਚਾਲਨ ਗੁਰਮੀਤ ਕੜਿਆਲਵੀ ਨੇ ਕੀਤਾ।

# ਸਵਿਸ ਬੈਂਕ ਖ਼ਾਤਿਆਂ ਦੀ ਜਾਂਚ ਵਿੱਚ ਸਾਂਗਲੀ ਦੇ ਰਾਜ ਪਰਵਾਰ ਦਾ ਨਾਂਅ ਆਇਆ



ਨਵੀਂ ਦਿੱਲੀ, 24 ਨਵੰਬਰ, (ਪੋਸਟ ਬਿਊਰੋ)-ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਵਾਉਣ ਲਈ ਖ਼ਾਤਾ ਰੱਖਣ ਵਾਲੇ ਭਾਰਤੀ ਲੋਕਾਂ ਦੀ ਜਾਂਚ ਦੇ ਘੇਰੇ ਵਿਚ ਇਕ ਸ਼ਾਹੀ ਘਰਾਣਾ ਵੀ ਆ ਗਿਆ ਹੈ।

ਤਾਜ਼ਾ ਖਬਰ ਹੈ ਕਿ ਭਾਰਤੀ ਜਾਂਚ ਅਧਿਕਾਰੀਆਂ ਨੇ ਮਹਾਰਾਸ਼ਟਰ ਵਿਚਲੇ ਸਾਂਗਲੀ ਦੇ ਸਾਬਕਾ ਰਾਜਘਰਾਣੇ ਦੇ ਦੋ ਮੈਂਬਰਾਂ ਬਾਰੇ ਜਾਣਕਾਰੀ ਸਵਿਟਜ਼ਰਲੈਂਡ ਦੇ ਟੈਕਸੇਸ਼ਨ ਵਿਭਾਗ ਤੋਂ ਮੰਗਵਾਈ ਹੈ। ਇਸ ਜਾਂਚ ਵਿਚ ਸਹਿਯੋਗ ਕਰਨ ਦੇ ਲਈ ਭਾਰਤੀ ਅਧਿਕਾਰੀਆਂ ਨੇ ਸਵਿਟਜ਼ਰਲੈਂਡ ਸਰਕਾਰ ਨੂੰ ਬਾਕਾਇਦਾ ਬੇਨਤੀ ਕੀਤੀ ਸੀ। ਸਵਿਟਜ਼ਰਲੈਂਡ ਦੇ ਅਧਿਕਾਰੀ ਨੇ ਜਨਤਕ ਨੋਟਿਸ ਜਾਰੀ ਕਰ ਕੇ ਸਾਂਗਲੀ ਦੇ ਸਾਬਕਾ ਸ਼ਾਹੀ ਘਰਾਣੇ ਦੇ ਰਾਜਾ ਵਿਜੈ ਸਿੰਘ ਮਾਧਵ ਰਾਓ ਪਟਵਰਧਨ ਅਤੇ ਉਨ੍ਹਾਂ ਦੀ ਪਤਨੀ ਤੇ ਮਹਾਰਾਣੀ ਰੋਹਿਣੀ ਵਿਜੈਸਿੰਘ ਪਟਵਰਧਨ ਨੂੰ ਇਹ ਕੇਸ ਲਈ ਆਪਣਾ ਪ੍ਰਤੀਨਿਧ ਨਿਯੁਕਤ ਕਰਨ ਨੂੰ ਕਿਹਾ ਹੈ। ਸਵਿੱਸ ਅਧਿਕਾਰੀਆਂ ਨੇ ਦੋਵਾਂ ਨੂੰ ਕਿਹਾ ਹੈ ਕਿ ਜੇ ਉਨ੍ਹਾਂ ਨੂੰ ਆਪਣੇ ਖਾਤੇ ਨਾਲ ਸਬੰਧਿਤ ਸੂਚਨਾ ਭਾਰਤ ਨੂੰ ਦਿੱਤੇ ਜਾਣ ਬਾਰੇ ਕੋਈ ਇਤਰਾਜ਼ ਹੈ ਤਾਂ ਉਹ ਇਸ ਇਤਰਾਜ਼ ਨੂੰ ਬਕਾਇਦਾ ਪੇਸ਼ ਕਰਨ।

ਵਰਨਣ ਯੋਗ ਹੈ ਕਿ ਇਸ ਸ਼ਾਹੀ ਪਰਵਾਰ ਦੀ ਵੱਡੀ ਧੀ ਭਾਗਿਆਸ਼੍ਰੀ ਫਿਲਮਾਂ ਵਿਚ ਅਭਿਨੇਤਰੀ ਵਜੋਂ ਕੰਮ ਕਰ ਚੁੱਕੀ ਹੈ। ਉਨ੍ਹਾਂ ਦੀਆਂ ਦੋ ਹੋਰ ਬੇਟੀਆਂ ਮਧੂਵੰਤੀ ਅਤੇ ਪੂਰਨਿਮਾ ਪਟਵਰਧਨ ਵੀ ਇਕ ਵਕਤ ਛੋਟੇ ਪਰਦੇ ਉੱਤੇ ਮਿਸ ਇੰਡੀਆ ਮੁਕਾਬਲੇ ਨਾਲ ਜੁੜੀਆਂ ਰਹੀਆਂ ਹਨ। ਸਵਿਟਜ਼ਰਲੈਂਡ ਸਰਕਾਰ ਇਹੋ ਜਿਹੇ ਕੇਸਾਂ ਵਿਚ ਵਿਦੇਸ਼ੀ ਸਰਕਾਰਾਂ ਨੂੰ ਸੂਚਨਾ ਦੇਣ ਤੋਂ ਪਹਿਲਾਂ ਖਾਤੇਦਾਰਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦੇਣ ਲਈ ਗਜ਼ਟ ਵਿਚ ਇੱਕ ਜਨਤਕ ਨੋਟਿਸ ਜਾਰੀ ਕਰਦੀ ਹੈ। ਇਸ ਕੇਸ ਵਿੱਚ ਸਵਿਟਜ਼ਰਲੈਂਡ ਦੇ ਤਾਜ਼ਾ ਕੇਂਦਰੀ ਗਜ਼ਟ ਵਿੱਚ ਛਾਪੇ ਗਏ ਦੋ ਅਲੱਗ-ਅਲੱਗ ਨੋਟੀਫਿਕੇਸ਼ਨਾਂ ਰਾਹੀਂ ਪਟਵਰਧਨ ਜੋੜੇ ਨੂੰ 10 ਦਿਨਾਂ ਵਿੱਚ ਆਪਣਾ ਪੱਖ ਰੱਖਣ ਵਾਲਾ ਵਿਅਕਤੀ ਨਾਮਜ਼ਦ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਨੋਟੀਫਿਕੇਸ਼ਨਾਂ ਵਿਚ ਇਸ ਜੋੜੇ ਦੇ ਨਾਂ ਅਤੇ ਉਨ੍ਹਾਂ ਦੀਆਂ ਜਨਮ ਤਰੀਕਾਂ (ਵਿਜੈ ਪਟਵਰਧਨ ਦੀ 24 ਅਗਸਤ 1942 ਅਤੇ ਪਤਨੀ ਰੋਹਿਣੀ ਦੀ 27 ਅਕਤੂਬਰ 1950) ਤੋਂ ਬਿਨਾਂ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

ਇਹ ਸ਼ਾਹੀ ਜੋੜਾ ਮੰਗਲਮੂਰਤੀ ਇਨਵੈਸਟਮੈਂਟ ਐਂਡ ਐਕਸਪੋਰਟ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਡਾਇਰੈਕਟਰ ਹੈ। ਇਸ ਕੰਪਨੀ ਦਾ ਪਤਾ ਮੁੰਬਈ ਰਜਿਸਟਰਾਰ ਆਫ ਕੰਪਨੀਜ਼ (ਆਰਓਸੀ) ਕੋਲ ਮੁੰਬਈ ਵਿਚਲੇ 'ਸਾਂਗਲੀ ਵਿਲਾ' ਦੇ ਨਾਂ ਉੱਤੇ ਦਰਜ ਹੈ। ਇਸ ਵਿਚ ਇਨ੍ਹਾਂ ਦੇ ਅਧਿਕਾਰਕ ਈ-ਮੇਲ ਉੱਤੇ ਭੇਜੇ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਿਆ। ਕੰਪਨੀ ਦੀ ਆਖਰੀ ਬੈਲੇਂਸ ਸ਼ੀਟ 31 ਮਾਰਚ 2019 ਨੂੰ ਜਾਰੀ ਕੀਤੀ ਗਈ ਸੀ।

# ਹਾਊਸ ਟੈਕਸ ਤੇ ਪ੍ਰਾਪਰਟੀ ਟੈਕਸ ਬਕਾਏ ਭਰਨ ਦੀ ਮਿਆਦ ਤਿੰਨ ਮਹੀਨੇ ਵਧਾਈ ਗਈ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਰਾਜ ਸਰਕਾਰ ਨੇ ਜੁਰਮਾਨੇ ਦੇ ਬਿਨਾਂ ਹਾਊਸ ਟੈਕਸ, ਪ੍ਰਾਪਰਟੀ ਟੈਕਸ ਦੇ ਬਕਾਏ ਦੇਣ ਦੀ ਮਿਆਦ ਤਿੰਨ ਮਹੀਨੇ ਵਧਾ ਦਿੱਤੀ ਹੈ। ਕੱਲ੍ਹ ਇਥੇ ਜਾਰੀ ਪ੍ਰੈੱਸ ਬਿਆਨ ਰਾਹੀਂ ਇਹ ਜਾਣਕਾਰੀ ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਖੁਦ ਦਿੱਤੀ ਹੈ।

ਲੋਕਲ ਬਾਡੀਜ਼ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੇ ਪੰਜਾਬ ਮਿਊਂਸਪਲ ਐਕਟ 1976 ਹੇਠ ਹਾਲੇ ਟੈਕਸ ਅਦਾ ਨਾ ਕਰਨ ਵਾਲਿਆਂ ਨੂੰ ਜੁਰਮਾਨੇ ਦੀ ਅਦਾਇਗੀ ਤੋਂ ਵਿਸ਼ੇਸ਼ ਛੋਟ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੇ ਹਾਊਸ ਟੈਕਸ ਜਾਂ ਪ੍ਰਾਪਰਟੀ ਟੈਕਸ ਅਜੇ ਤੱਕ ਜਮ੍ਹਾ ਨਹੀਂ ਕਰਾਇਆ, ਉਹ ਇਸ ਐਕਟ ਦੀ ਛੋਟ ਦਾ ਆਦੇਸ਼ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਤਿੰਨ ਮਹੀਨਿਆਂ ਦੇ ਅੰਦਰ ਬਣਦੀ ਰਕਮ 10 ਫੀਸਦੀ ਕਟੌਤੀ ਨਾਲ ਕੁਝ ਸ਼ਰਤਾਂ ਸਮੇਤ ਇੱਕੋ ਵਾਰ ਜਮ੍ਹਾ ਕਰਵਾ ਸਕਦੇ ਹਨ ਅਤੇ ਜੋ ਲੋਕ ਤੈਅ ਸਮੇਂ ਵਿੱਚ ਹਾਊਸ ਟੈਕਸ ਜਾਂ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ 'ਚ ਅਸਫਲ ਰਹਿਣਗੇ, ਉਹ ਅਗਲੇ ਹੋਰ ਤਿੰਨ ਮਹੀਨਿਆਂ ਵਿੱਚ ਬਣਦੀ ਰਕਮ 10 ਫੀਸਦੀ ਜੁਰਮਾਨੇ ਦੇ ਨਾਲ ਜਮ੍ਹਾ ਕਰਵਾ ਸਕਦੇ ਹਨ। ਬ੍ਰਹਮ ਮਹਿੰਦਰਾ ਨੇ ਕਿਹਾ ਕਿ ਜਿਹੜਾ ਵਿਅਕਤੀ ਦੱਸੇ ਸਮੇਂ ਵਿੱਚ ਵੀ ਬਕਾਏ ਜਮ੍ਹਾ ਕਰਾਉਣ ਤੋਂ ਅਸਫਲ ਰਹੇਗਾ, ਉਸ ਨੂੰ ਕੁੱਲ ਬਾਕੀ ਰਕਮ 20 ਫੀਸਦੀ ਜੁਰਮਾਨੇ ਦਰ ਨਾਲ ਅਦਾ ਕਰਨੀ ਪਵੇਗੀ ਤੇ ਨਾਲ ਜਮ੍ਹਾ ਕਰਵਾਉਣ ਦੀ ਅੰਤਿਮ ਮਿਤੀ ਤੋਂ ਅਦਾਇਗੀ ਤੱਕ ਦੇ ਸਮੇਂ ਦੌਰਾਨ 18 ਫੀਸਦੀ ਵਿਆਜ ਦਰ ਨਾਲ ਰਾਸ਼ੀ ਜਮ੍ਹਾ ਕਰਾਉਣੀ ਪਵੇਗੀ। ਮੰਤਰੀ ਨੇ ਕਿਹਾ ਕਿ ਇਸ ਫੈਸਲੇ ਨਾਲ ਜਿੱਥੇ ਹਾਊਸ ਟੈਕਸ ਜਾਂ ਪ੍ਰਾਪਰਟੀ ਟੈਕਸ ਭਰਨ ਦੇ ਸਮੇਂ ਤੋਂ ਖੁੰਝੇ ਜਾਇਦਾਦ ਧਾਰਕਾਂ/ ਮਾਲਕਾਂ ਅਤੇ ਜਿਨ੍ਹਾਂ ਦੀ ਜਾਇਦਾਦ ਨੂੰ ਕੁਝ ਸ਼ਹਿਰੀ ਸਥਾਨਕ ਇਕਾਈਆਂ ਨੇ ਜੁਰਮਾਨੇ ਵਜੋਂ ਸੀਲ ਕਰ ਦਿੱਤਾ ਹੈ, ਨੂੰ ਵੱਡੀ ਰਾਹਤ ਮਿਲੇਗੀ, ਉਸ ਦੇ ਨਾਲ ਸ਼ਹਿਰੀ ਸਥਾਨਕ ਇਕਾਈਆਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

## ਸ਼ਿਵ ਸੈਨਾ ਆਗੂ ਦੇ ਗੋਦਾਮ ਵਿੱਚੋਂ ਨਕਲੀ ਦੇਸੀ ਘਿਓ ਫੜਿਆ

ਬਰਨਾਲਾ, 24 ਨਵੰਬਰ (ਪੋਸਟ ਬਿਊਰੋ)- ਸਿਹਤ ਵਿਭਾਗ ਤੇ ਪੁਲਸ ਨੇ ਕੱਲ੍ਹ ਸ਼ਾਮ ਸਥਾਨਕ ਸੇਖਾ ਰੋਡ ਉਤੇ ਵੱਖ-ਵੱਖ ਕੰਪਨੀਆਂ ਦਾ ਨਕਲੀ ਦੇਸੀ ਘਿਓ ਬਣਾ ਕੇ ਵੇਚਣ ਵਾਲੇ ਸ਼ਿਵ ਸੈਨਾ ਆਗੂ ਦੇ ਗੋਦਾਮ ਵਿੱਚੋਂ ਕਰੀਬ ਚਾਲੀ ਕੁਇੰਟਲ ਘਿਓ ਫੜਿਆ ਹੈ। ਪਤਾ ਲੱਗਾ ਹੈ ਕਿ ਸਿਹਤ ਵਿਭਾਗ ਨੇ ਗੁਪਤ ਸੂਚਨਾ ਉੱਤੇ ਪਿਛਲੇ ਦਿਨੀਂ ਸ਼ਿਵ ਸੈਨਾ ਆਗੂ ਅਰੁਣ ਬਾਂਸਲ ਦੇ ਘਰ ਛਾਪੇਮਾਰੀ ਵਿੱਚ ਕਾਫੀ ਮਾਤਰਾ ਵਿੱਚ ਵੱਡੀਆਂ ਕੰਪਨੀਆਂ ਦੇ ਬਰਾਂਡ ਵਾਲਾ ਨਕਲੀ ਦੇਸੀ ਘਿਓ ਫੜਿਆ ਸੀ ਅਤੇ ਸੇਖਾ ਰੋਡ ਦੇ ਗੋਦਾਮ ਨੂੰ ਸੀਲ ਕਰ ਦਿੱਤਾ ਸੀ। ਨਕਲੀ ਦੇਸੀ ਘਿਓ ਵੇਚਣ ਵਾਲੇ ਦੋਸ਼ੀ ਨੂੰ ਸਿਹਤ ਵਿਭਾਗ ਵੱਲੋਂ ਗੋਦਾਮ ਨੂੰ ਖੋਲ੍ਹਣ ਲਈ ਕਈ ਵਾਰ ਨੋਟਿਸ ਦੇਣ ਦੇ ਬਾਵਜੂਦ ਉਹ ਵਿਭਾਗ ਨੂੰ ਲਾਰੇ ਲਾ ਰਿਹਾ ਸੀ।

ਜ਼ਿਲਾ ਸਿਹਤ ਅਧਿਕਾਰੀ ਡਾਕਟਰ ਰਾਜ ਕੁਮਾਰ ਦੇ ਮੁਤਾਬਕ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਕੇਸ ਆਉਣ 'ਤੇ ਉਨ੍ਹਾਂ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਗੋਦਾਮ ਮਾਲਕ ਅਰੁਣ ਬਾਂਸਲ ਨੂੰ ਕਈ ਵਾਰ ਸੱਦਿਆ ਗਿਆ, ਪਰ ਉਹ ਨਹੀਂ ਆਇਆ ਤਾਂ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਕੱਲ੍ਹ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਥਾਣਾ ਸਿਟੀ-2 ਦੇ ਇੰਚਾਰਜ ਜਗਜੀਤ ਸਿੰਘ ਦੀ ਮਦਦ ਨਾਲ ਸੇਖਾ ਰੋਡ ਦੇ ਗੋਦਾਮ ਦੀ ਸੀਲ ਖੋਲ੍ਹ ਕੇ ਅੰਦਰੋਂ 20 ਤੋਂ 25 ਕੰਪਨੀਆਂ ਦੇ ਬਰਾਂਡ ਦੀ ਪੈਕਿੰਗ ਵਾਲਾ ਦੇਸੀ ਘਿਓ ਬਰਾਮਦ ਕੀਤਾ ਹੈ।








Paramjit Deol Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**South Dundas $299,000** — 23 Plaza Dr: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.

**COBOURG $349,000** — Durham/King : 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.

**MISSISSAUGA $399,000** — Photo Not Available. 777 Dundas St W: Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.

**SHELBURNE $399,999** — Centre/Jelly: This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.

**TORONTO $435,000** — Kingston/Guildwood: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.

**BRAMPTON $459,000** — 7800 Hurontario : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.

**BRANTFORD $499,000** — 639 Colborne St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**VAUGHAN $643,000** — Jane St & Hwy 7: Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.

**BRAMPTON $649,000** — Photo Not Available. Bruce Beer & Williams Pkwy: Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.

**BRAMPTON $655,000** — Bovaird/ Heart Lake : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.

**OSHAWA $659,000** — Photo Not Available. Simcoe St/Highway 407 : Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit

**TORONTO $899,900** — Kennedy & Kingston: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.

**BRAMPTON $899,900** — Edenbrook Hill/Sandalwood Pkwy: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.

**Mississauga $1,995,000** — Qew And Hurontario:Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .

**TORONTO $2,249,000** — Glencairn And Bathurst: A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,

**TORONTO $3,537,500** — 2010 Kipling Ave: Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.

*Canadian punjabi post assumes no responsibility for the accuracy of any information shown, Copyright Ppost 2019

# ਸੁਖਬੀਰ ਦੀ ਚੋਣ ਨੂੰ ਚੁਣੌਤੀ ਵਾਲੀ ਪਟੀਸ਼ਨ ਉੱਤੇ ਜਨਤਕ ਨੋਟਿਸ ਜਾਰੀ ਕਰਨ ਦੀ ਤਿਆਰੀ

## * 1157142 ਵੋਟਾਂ ਪਈਆਂ ਤੇ 1166717 ਵੋਟਾਂ ਗਿਣਨ ਦਾ ਦੋਸ਼

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ਉੱਤੇ ਜਾਰੀ ਸੰਮਣ ਉਨ੍ਹਾਂ ਨੂੰ ਪੁਚਾਇਆ ਨਹੀਂ ਜਾ ਸਕਿਆ। ਇਸ ਮਗਰੋਂ ਇਹ ਸੰਮਣ ਜਨਤਕ ਨੋਟਿਸ ਰਾਹੀਂ ਜਾਰੀ ਕੀਤੇ ਜਾਣ ਦੀ ਤਿਆਰੀ ਹੋ ਗਈ ਹੈ। ਇਸ ਪਟੀਸ਼ਨ ਦੀ ਸੁਣਵਾਈ ਦੌਰਾਨ ਜਸਟਿਸ ਹਰੀਪਾਲ ਵਰਮਾ ਦੀ ਬੈਂਚ ਨੇ ਪਟੀਸ਼ਨਰ ਨੂੰ ਇਸ ਬਾਰੇ ਜਨਤਕ ਨੋਟਿਸ ਲਈ ਅਰਜ਼ੀ ਦੇਣ ਦਾ ਇੱਕ ਹਫਤੇ ਦਾ ਸਮਾਂ ਦਿੱਤਾ ਹੈ। ਇਹ ਸੁਣਵਾਈ ਤਿੰਨ ਦਸੰਬਰ ਨੂੰ ਹੋਵੇਗੀ, ਜਦੋਂ ਸੁਖਬੀਰ ਸਿੰਘ ਬਾਦਲ ਨੂੰ ਜਨਤਕ ਨੋਟਿਸ ਜਾਰੀ ਹੋ ਸਕਦਾ ਹੈ।



ਇਸ ਤੋਂ ਪਹਿਲਾਂ ਪਟੀਸ਼ਨਰ ਕਸ਼ਮੀਰ ਸਿੰਘ ਦੇ ਵਕੀਲ ਵਿਰੇਨ ਜੈਨ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਪਟੀਸ਼ਨ ਉੱਤੇ ਜਾਰੀ ਸੰਮਣ ਪਿੰਡ ਬਾਦਲ ਵਿੱਚ ਪਹੁੰਚਿਆ, ਪਰ ਸੁਖਬੀਰ ਸਿੰਘ ਬਾਦਲ ਦਿੱਲੀ ਵਿੱਚ ਹੋਣ ਕਾਰਨ ਨਹੀਂ ਮਿਲੇ ਅਤੇ ਇਸ ਪਿੱਛੋਂ ਕੀਤੀ ਕੋਸ਼ਿਸ਼ ਵੇਲੇ ਉਨ੍ਹਾਂ ਦੇ ਪੀ ਏ ਮਿਲ ਗਏ ਸਨ, ਇਸ ਤਰ੍ਹਾਂ ਹਾਈ ਕੋਰਟ ਵਲੋਂ ਨੋਟਿਸ ਜਾਰੀ ਹੋਣ ਦੀ ਗੱਲ ਸੁਖਬੀਰ ਸਿੰਘ ਬਾਦਲ ਦੇ ਧਿਆਨ ਵਿੱਚ ਆ ਗਈ ਹੈ, ਜਿਸ ਦੇ ਬਾਅਦ ਜਨਤਕ ਨੋਟਿਸ ਜਾਰੀ ਕਰਨਾ ਚਾਹੀਦਾ ਹੈ। ਹਾਈ ਕੋਰਟ ਇਸ ਦੇ ਲਈ ਅਰਜ਼ੀ ਦਾਖਲ ਕਰਨ ਨੂੰ ਕਿਹਾ ਹੈ। ਵਰਨਣ ਯੋਗ ਹੈ ਕਿ ਇਸ ਚੋਣ ਪਟੀਸ਼ਨ 'ਤੇ ਦੋ ਵਾਰ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ।

ਅਸਲ ਵਿੱਚ ਪਿੰਡ ਘੁਬਾਇਆ ਦੇ ਵਾਸੀ ਅਤੇ ਲੋਕ-ਸਭਾ ਹਲਕੇ ਫ਼ਿਰੋਜ਼ਪੁਰ ਤੋਂ ਆਜ਼ਾਦ ਉਮੀਦਵਾਰ ਕਸ਼ਮੀਰ ਸਿੰਘ ਵਲੋਂ ਦਾਖ਼ਲ ਪਟੀਸ਼ਨ 'ਤੇ ਹਾਈ ਕੋਰਟ ਨੇ ਸੁਖਬੀਰ ਸਿੰਘ ਬਾਦਲ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਸੀ ਪਰ ਅਜੇ ਤੱਕ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਪਟੀਸ਼ਨ ਵਿੱਚ ਮੁੱਖ ਤੌਰ 'ਤੇ ਦੋਸ਼ ਲਾਇਆ ਗਿਆ ਹੈ ਕਿ ਸੱਤਵੇਂ ਫ਼ੇਜ਼ ਦੌਰਾਨ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਵਿੱਚ 19 ਮਈ ਨੂੰ ਹੋਈ ਵੋਟਿੰਗ ਦੌਰਾਨ ਕੁੱਲ 11 ਲੱਖ 57 ਹਜ਼ਾਰ 142 ਵੋਟਾਂ ਭੁਗਤੀਆਂ ਸੀ, ਜਦੋਂ ਕਿ ਗਿਣਤੀ 11 ਲੱਖ 66 ਹਜ਼ਾਰ 717 ਵੋਟਾਂ ਦੀ ਕੀਤੀ ਗਈ ਸੀ।

# ਐਫ ਸੀ ਆਈ ਦਾ ਇੰਸਪੈਕਟਰ 22 ਹਜ਼ਾਰ ਰੁਪਏ ਲੈਂਦਾ ਕਾਬੂ

ਜਲੰਧਰ, 24 ਨਵੰਬਰ (ਪੋਸਟ ਬਿਊਰੋ)- ਕਰਤਾਰਪੁਰ ਵਿੱਚ ਡਿਊਟੀ ਕਰਦੇ ਐਫ ਸੀ ਆਈ ਦੇ ਇੰਸਪੈਕਟਰ-ਕਮ-ਏ ਜੀ-2 (ਟੈਕਨੀਕਲ) ਰਾਜ ਸ਼ੇਖਰ ਚੌਹਾਨ ਨੂੰ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੀ ਟੀਮ ਨੇ ਕੱਲ੍ਹ 22 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜ ਕੇ ਕੇਸ ਦਰਜ ਕਰ ਲਿਆ ਹੈ।


ਐਸ ਐਸ ਪੀ ਵਿਜੀਲੈਂਸ ਦਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਨਿਰਮਲ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਸ ਦਾ ਭੋਗਪੁਰ ਵਿੱਚ ਆੜ੍ਹਤ ਦਾ ਕੰਮ ਹੈ। ਸਾਲ 2019-20 ਵਿੱਚ ਉਸ ਦੀ ਆੜ੍ਹਤ ਹੇਠ ਕਿਸਾਨਾਂ ਵੱਲੋਂ ਸੁੱਟੀ ਗਈ ਝੋਨੇ ਦੀ ਫਸਲ ਵਿੱਚੋਂ ਐਫ ਸੀ ਆਈ ਨੇ 16803 ਗੱਟੇ (ਬੈਗ) ਝੋਨੇ ਦੀ ਖਰੀਦ ਕੀਤੀ ਸੀ, ਜਿਨ੍ਹਾਂ 'ਚੋਂ ਉਸ ਦੀ ਆੜ੍ਹਤ ਦੇ ਕਈ ਬਿੱਲਾਂ ਦੀ ਪੇਮੈਂਟ ਪੈਂਡਿੰਗ ਹੈ। ਇਸ ਸਿਲਸਿਲੇ 'ਚ ਉਹ ਐਫ ਸੀ ਆਈ ਦੇ ਇੰਸਪੈਕਟਰ ਰਾਜ



ਸ਼ੇਖਰ ਚੌਹਾਨ ਨੂੰ ਮਿਲੇ ਅਤੇ ਆਪਣੇ ਬਿੱਲਾਂ ਦੀ ਅਦਾਇਗੀ ਬਾਰੇ ਪੁੱਛਿਆ ਤਾਂ ਇੰਸਪੈਕਟਰ ਨੇ ਉਨ੍ਹਾਂ ਨੂੰ ਕਿਹਾ ਕਿ ਬਿੱਲਾਂ ਦੀ ਅਦਾਇਗੀ ਹੋ ਜਾਵੇਗੀ, ਪਰ ਉਸ ਦੇ ਉਸ ਨੂੰ ਚਾਰ ਰੁਪਏ ਪ੍ਰਤੀ ਗੱਟਾ ਰਿਸ਼ਵਤ ਦੇਣੇ ਪੈਣਗੇ, ਜਿਸ ਦੇ ਹਿਸਾਬ ਨਾਲ ਕੁਲ 65 ਹਜ਼ਾਰ ਰੁਪਏ ਦੀ ਰਿਸ਼ਵਤ ਉਸ ਨੇ ਮੰਗੀ ਹੈ। ਨਿਰਮਲ ਸਿੰਘ ਨੇ ਕਿਹਾ ਕਿ ਉਹ ਇੰਨੇ ਪੈਸੇ ਨਹੀਂ ਦੇ ਸਕਦਾ, ਜਿਸ ਉੱਤੇ ਇੰਸਪੈਕਟਰ ਨੇ ਕਿਹਾ ਕਿ ਜੇ ਪੈਸੇ ਨਾ ਦਿੱਤੇ ਤਾਂ ਬਿੱਲ ਵੀ ਪਾਸ ਨਹੀਂ ਹੋਣਗੇ। ਮਜਬੂਰ ਹੋ ਕੇ ਨਿਰਮਲ ਸਿੰਘ ਨੇ ਉਸੇ ਸਮੇਂ 10 ਹਜ਼ਾਰ ਰੁਪਏ ਇੰਸਪੈਕਟਰ ਨੂੰ ਦਿੱਤੇ ਅਤੇ ਬਾਕੀ 22 ਹਜ਼ਾਰ ਰੁਪਏ ਸਾਰੇ ਬਿੱਲ ਕਲੀਅਰ ਹੋਣ ਪਿੱਛੋਂ ਦੇਣ ਦਾ ਵਾਅਦਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਇੰਸਪੈਕਟਰ ਦੀ ਸ਼ਿਕਾਇਤ ਵਿਜੀਲੈਂਸ ਨੂੰ ਕੀਤੀ, ਜਿਸ 'ਤੇ ਕਾਰਵਾਈ ਕਰਦਿਆਂ ਡੀ ਐਸ ਪੀ ਵਿਨੋਦ ਕੁਮਾਰ ਦੀ ਅਗਵਾਈ ਹੇਠ ਇੱਕ ਟੀਮ ਬਣਾਈ ਗਈ ਅਤੇ ਟ੍ਰੈਪ ਲਾ ਕੇ ਇੰਸਪੈਕਰ ਰਾਜ ਸ਼ੇਖਰ ਚੌਹਾਨ ਨੂੰ 22 ਹਜ਼ਾਰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

## ਕੋਰਟ ਨੇ ਸਰਕਾਰ ਤੋਂ ਪੁੱਛਿਆ:

# ਹੁਰੀਅਤ ਨੇਤਾਵਾਂ ਅਤੇ ਵੱਖਵਾਦੀਆਂ ਨੂੰ ਸੁਰੱਖਿਆ ਕਵਰ ਕਿਸ ਆਧਾਰ 'ਤੇ ਦਿੱਤੈ



ਸ੍ਰੀਨਗਰ, 24 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਹਾਈ ਕੋਰਟ ਦੀ ਡਿਵੀਜਨ ਬੈਂਚ ਨੇ ਰਾਜ ਸਰਕਾਰ ਨੂੰ ਇਸ ਬਾਰੇ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ ਕਿ ਵੱਖਵਾਦੀਆਂ ਨੂੰ ਸੁਰੱਖਿਆ ਕਵਰ ਕਿਸ ਆਧਾਰ ਉੱਤੇ ਦਿੱਤਾ ਸੀ। ਅਦਾਲਤ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਨੂੰ ਅਗਲੀ ਸੁਣਵਾਈ ਤੱਕ ਇਹ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।

ਇੱਕ ਜਨਹਿਤ ਪਟੀਸ਼ਨ ਵਿੱਚ ਹੁਰੀਅਤ ਕਾਨਫਰੰਸ ਦੇ ਆਗੂਆਂ ਸਮੇਤ ਸਾਰੇ ਵੱਖਵਾਦੀਆਂ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਲੱਗੇ ਲੋਕਾਂ ਨੂੰ ਦਿੱਤੀ ਸੁਰੱਖਿਆ ਵਾਪਸ ਲੈਣ ਦੀ ਮੰਗ ਕੀਤੀ ਗਈ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 1990 ਤੋਂ ਜੰਮੂ-ਕਸ਼ਮੀਰ ਵਿੱਚ ਯੁੱਧ ਵਰਗੇ ਹਾਲਾਤ ਹਨ। ਸਰਹੱਦ ਪਾਰ ਬੈਠੇ ਲੋਕ ਜੰਮੂ-ਕਸ਼ਮੀਰ ਵਿੱਚ ਅੱਤਵਾਦ ਭੜਕਾ ਰਹੇ ਹਨ ਅਤੇ ਇੱਥੇ ਕਸ਼ਮੀਰ ਵਿੱਚ ਬੈਠੇ ਕੁਝ ਲੋਕ ਅੱਤਵਾਦ ਅਤੇ ਵੱਖਵਾਦ ਨੂੰ ਲਗਾਤਾਰ ਵਧਾ ਰਹੇ ਹਨ। ਇਨ੍ਹਾਂ ਲੋਕਾਂ ਨੇ ਫਿਰਕੂ ਹਿੰਸਾ ਭੜਕਾਈ, ਜਿਸ ਨਾਲ ਪੰਡਿਤ ਫਿਰਕੇ ਨੂੰ ਕਸ਼ਮੀਰ ਤੋਂ ਹਿਜਰਤ ਕਰਨੀ ਪਈ ਸੀ। ਇਸ ਤਰ੍ਹਾਂ ਦੇ ਲੋਕਾਂ ਖਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਪਰ ਸਰਕਾਰ ਵਲੋਂ ਇਨ੍ਹਾਂ ਨੂੰ ਸੁਰੱਖਿਆ ਕਵਰ ਦਿੱਤਾ ਜਾਂਦਾ ਹੈ। ਜਨਹਿਤ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਇਹ ਵੱਖਵਾਦੀ ਸਾਡੇ ਦੇਸ਼ ਅਤੇ ਸਮਾਜ ਲਈ ਖਤਰਾ ਹੈ, ਅਜਿਹੇ ਵਿੱਚ ਟੈਕਸ ਦੇ ਨਾਮ ਉੱਤੇ ਜਨਤਾ ਦੀ ਜੇਬ ਕੱਟ ਉਨ੍ਹਾਂ ਦੀ ਪਾਲਣਾ ਨਹੀਂ ਹੋਣੀ ਚਾਹੀਦੀ। ਹਾਈ ਕੋਰਟ ਨੇ ਅਰਜ਼ੀ 'ਤੇ ਸੁਣਵਾਈ ਦੇ ਦੌਰਾਨ ਪ੍ਰਸ਼ਾਸਨ ਨੂੰ ਅਗਲੀ ਸੁਣਵਾਈ 'ਤੇ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ।

# ਭਾਜਪਾ ਨੇ ਇਕਬਾਲ ਮਿਰਚੀ ਨਾਲ ਜੁੜੀ ਕੰਪਨੀ ਤੋਂ ਕਰੋੜਾਂ ਰੁਪਏ ਦਾ ਚੰਦਾ ਲਿਆ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਭਾਜਪਾ ਨੇ ਅੰਡਰਵਰਲਡ ਡਾਨ ਦਾਊਦ ਇਬਰਾਹਿਮ ਦੇ ਸਾਥੀ ਇਕਬਾਲ ਮਿਰਚੀ ਦੀਆਂ ਜਾਇਦਾਦਾਂ ਦਾ ਲੈਣ-ਦੇਣ ਕਰਨ ਦੀ ਦੋਸ਼ੀ ਕੰਪਨੀ ਤੋਂ ਕਰੋੜਾਂ ਰੁਪਏ ਦਾ ਚੰਦਾ ਲਿਆ ਹੈ। ਪਾਰਟੀ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਟਵੀਟ ਕਰਕੇ ਦਾਅਵਾ ਕੀਤਾ ਕਿ 'ਭਾਜਪਾ ਵੱਲੋਂ ਚੰਦਾ ਲੈਣ ਵਿੱਚ ਕਮਾਲ, ਕਰੋੜਾਂ ਦਾ ਚੰਦਾ ਅਜਿਹੀ ਕੰਪਨੀ ਤੋਂ ਲਿਆ, ਜਿਸ 'ਤੇ ਦਾਊਦ ਇਬਰਾਹਿਮ ਦੇ ਸਾਥੀ ਦਹਿਸ਼ਤਗਰਦ ਇਕਬਾਲ ਮਿਰਚੀ ਦੀ ਜਾਇਦਾਦ ਦੀ ਖਰੀਦੋ-ਫਰੋਖਤ ਵਿੱਚ ਗੰਢਤੁਪ ਦਾ ਦੋਸ਼ ਹੈ।' ਉਨ੍ਹਾਂ ਸਵਾਲ ਕੀਤਾ, 'ਕੀ ਇਹੋ ਹੈ ਝੂਠਾ ਰਾਸ਼ਟਰਵਾਦ? ਕੀ ਇਹ ਦੇਸ਼-ਧ੍ਰੋਹ ਨਹੀਂ?'

ਕਾਂਗਰਸ ਦੇ ਇਸ ਦੋਸ਼ ਉੱਤੇ ਭਾਜਪਾ ਦਾ ਹਾਲੇ ਕੋਈ ਜਵਾਬ ਨਹੀਂ ਆਇਆ। ਦਰਅਸਲ ਆਪਣੀ



ਰਿਪੋਰਟ ਵਿੱਚ ਸਮਾਚਾਰ ਵੈਬਸਾਈਟ 'ਦਿ ਵਾਇਰ' ਨੇ ਦਾਅਵਾ ਕੀਤਾ ਹੈ ਕਿ ਭਾਜਪਾ ਨੇ ਅਜਿਹੀ ਕੰਪਨੀ ਤੋਂ ਵੀ ਮੋਟਾ ਚੋਣ ਚੰਦਾ ਲਿਆ, ਜਿਸ ਉੱਤੇ ਦਹਿਸ਼ਤਗਰਦਾਂ ਦੀ ਫੰਡਿੰਗ ਦਾ ਦੋਸ਼ ਹੈ ਅਤੇ ਜਿਸ ਦੀ ਪੜਤਾਲ ਈ ਡੀ ਕਰ ਰਹੀ ਹੈ। ਰਿਪੋਰਟ ਦੇ ਮੁਤਾਬਕ ਇਹ ਜਾਣਕਾਰੀ ਖੁਦ ਉਸ ਬਿਓਰੇ ਤੋਂ ਮਿਲੀ ਹੈ, ਜਿਹੜਾ ਭਾਜਪਾ ਨੇ ਚੋਣ ਕਮਿਸ਼ਨ ਨੂੰ ਜਮ੍ਹਾਂ ਕਰਾਇਆ ਹੈ। ਇਹ ਕੰਪਨੀ ਆਰ ਕੇ ਡਬਲਯੂ ਡਿਵੈਲਪਰਜ਼ ਹੈ, ਜਿਸ ਕੰਪਨੀ ਉੱਤੇ ਦਾਊਦ ਇਬਰਾਹਿਮ ਦੇ ਨੇੜਲੇ ਜੁੰਡੀਦਾਰ ਇਕਬਾਲ ਮਿਰਚੀ ਦੇ ਨਾਲ ਵਿੱਤੀ ਲੈਣ-ਦੇਣ ਦਾ ਦੋਸ਼ ਹੈ। ਦੋਸ਼ ਇਹ ਵੀ ਹੈ ਇਕਬਾਲ ਮਿਰਚੀ ਦੀਆਂ ਕਈ ਜਾਇਦਾਦਾਂ ਏਸੇ ਆਰ ਕੇ ਡਬਲਯੂ ਡਿਵੈਲਪਰਜ਼ ਨੇ ਖਰੀਦੀਆਂ ਹਨ। ਭਾਜਪਾ ਇਸ ਦੋਸ਼ ਦਾ ਜਵਾਬ ਨਹੀਂ ਦੇ ਸਕੀ।

# ਕਰਨਾਟਕ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਨਾਜਾਇਜ਼ ਚੋਣ ਬਾਂਡ ਕੈਸ਼ ਕਰਵਾਏ ਸੀ

ਬੇਂਗਲੂਰ, 24 ਨਵੰਬਰ (ਪੋਸਟ ਬਿਊਰੋ)- ਇਲੈਕਟੋਰਲ ਬਾਂਡ ਬਾਰੇ ਭਾਰਤ ਵਿੱਚ ਹੰਗਾਮਾ ਮੱਚਿਆ ਪਿਆ ਹੈ। ਕਾਂਗਰਸ ਸਮੇਤ ਸਾਰੇ ਵਿਰੋਧੀ ਦਲ ਇਸ ਨੂੰ ਘੋਟਾਲਾ ਦੱਸਦੇ ਹਨ। ਇਸ ਉੱਤੇ ਆਰ ਬੀ ਆਈ ਪਹਿਲਾਂ ਹੀ ਸਵਾਲ ਉਠਾ ਚੁੱਕਾ ਹੈ। ਇੱਕ ਨਿਊਜ਼ ਪੋਟਰਲ ਦੇ ਮੁਤਾਬਕ ਕੇਂਦਰ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰ ਕੇ 10 ਕਰੋੜ ਰੁਪਏ ਦੇ ਨਾਜਾਇਜ਼ ਇਲੈਕਟੋਰਲ ਬਾਂਡ ਨੂੰ ਅਣਪਛਾਤੇ ਰਾਜਨੀਤਿਕ ਦਲ ਦੇ ਖਾਤੇ ਵਿੱਚ ਜਮ੍ਹਾ ਕਰਾਉਣ ਦੀ ਮਦਦ ਕੀਤੀ ਸੀ।

ਇਹ ਘਟਨਾ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਪਹਿਲਾ ਮਈ 2018 ਦੀ ਹੈ। ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾਜਾਇਜ਼ ਤਰੀਕੇ ਨਾਲ ਇਨ੍ਹਾਂ ਇਲੈਕਟੋਰਲ ਬਾਂਡ ਦੀ ਵਿਕਰੀ ਲਈ 10 ਦਿਨ ਇੱਕ ਅੰਦਰੂਨੀ ਵਿੰਡੋ ਖੋਲ੍ਹਣ ਦੇ ਲਈ ਵਿਤ ਮੰਤਰਾਲੇ ਨੂੰ ਆਦੇਸ਼ ਦਿੱਤਾ ਸੀ। ਇਸ ਰਿਪੋਰਟ ਮੁਤਾਬਕ ਸਮਾਜ ਸੇਵੀ ਕਮੋਡੋਰ ਲੋਕੇਸ਼ ਬਤਰਾ (ਸੇਵਾ ਮੁਕਤ) ਦੇ ਕੋਲ ਮੌਜੂਦ ਦਸਤਾਵੇਜ਼ਾਂ ਦੇ ਰਾਹੀਂ ਕੀਤੀ ਪੜਤਾਲ ਕਰਨ ਉੱਤੇ ਪਾਇਆ ਗਿਆ ਕਿ ਨਾ ਇਸ ਵਿੱਚ ਚੰਦਾ ਦੇਣ ਵਾਲੇ ਦਾ ਨਾਮ ਹੈ ਅਤੇ ਨਾ ਚੰਦਾ ਪ੍ਰਾਪਤ ਕਰਤਾ ਰਾਜਨੀਤਿਕ ਪਾਰਟੀ ਦਾ।

## ਗੁਰੂ ਰਵਿਦਾਸ ਮੰਦਰ:

# ਸਥਾਈ ਢਾਂਚੇ ਬਾਰੇ ਸੁਣਵਾਈ ਕਰਨ ਲਈ ਸੁਪਰੀਮ ਕੋਰਟ ਹੋਈ ਰਾਜ਼ੀ



ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਵਿੱਚ ਤੁਗਲਕਾਬਾਦ ਦੇ ਜੰਗਲਾਂ ਵਿੱਚ ਗੁਰੂ ਰਵਿਦਾਸ ਮੰਦਰ ਲਈ ਸਥਾਈ ਢਾਂਚਾ ਉਸਾਰੇ ਜਾਣ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਲਈ ਸੁਪਰੀਮ ਕੋਰਟ ਵੀ ਸਹਿਮਤ ਹੋ ਗਈ ਹੈ। ਕੇਂਦਰ ਸਰਕਾਰ ਨੇ ਇਸ ਮੰਦਰ ਲਈ ਲੱਕੜਾਂ ਦਾ ਢਾਂਚਾ ਬਣਾਉਣ ਦਾ ਸੁਝਾਅ ਦਿੱਤਾ ਸੀ, ਜਿਸ ਨੂੰ ਪਟੀਸ਼ਨਰਾਂ ਨੇ ਰੱਦ ਕਰ ਦਿੱਤਾ ਹੈ। ਦਿੱਲੀ ਵਿਕਾਸ ਅਥਾਰਿਟੀ (ਡੀ ਡੀ ਏ) ਨੇ ਬੀਤੇ ਅਗਸਤ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਉੱਤੇ ਇਸ ਮੰਦਿਰ ਨੂੰ ਢਾਹ ਦਿੱਤਾ ਸੀ। ਵੱਡੇ ਪੱਧਰ ਉੱਤੇ ਹੋਏ ਰੋਸ ਪ੍ਰਦਰਸ਼ਨਾਂ ਮਗਰੋਂ ਕੇਂਦਰ ਸਰਕਾਰ ਨੇ ਉਸੇ ਥਾਂ ਮੰਦਿਰ ਦੀ ਮੁੜ-ਉਸਾਰੀ ਲਈ 400 ਵਰਗ ਮੀਟਰ ਦਾ ਪਲਾਟ ਦੇਣ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ 21 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਸਵੀਕਾਰ ਕਰ ਲਿਆ ਸੀ ਅਤੇ ਅਗਲੀ ਸੁਣਵਾਈ ਕੀਤੀ ਜਾਣੀ ਹੈ।

ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਇੰਦਰਾ ਬੈਨਰਜੀ ਦੇ ਬੈਂਚ ਨੇ ਇਸ ਕੇਸ ਬਾਰੇ ਕਿਹਾ ਕਿ ਉਹ ਸਾਬਕਾ ਪਾਰਲੀਮੈਂਟ ਮੈਂਬਰ ਅਸ਼ੋਕ ਤੰਵਰ ਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨ ਉਤੇ 25 ਨਵੰਬਰ ਨੂੰ ਸੁਣਵਾਈ ਕਰੇਗੀ। ਉਂਜ ਕੱਲ੍ਹ ਸੁਣਵਾਈ ਦੌਰਾਨ ਤੰਵਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਵਿਕਾਸ ਸਿੰਘ ਅਤੇ ਵਕੀਲ ਵਿਰਾਗ ਗੁਪਤਾ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਕੇਂਦਰ ਵੱਲੋਂ ਮੰਦਿਰ ਲਈ ਲੱਕੜ ਦਾ ਢਾਂਚਾ ਬਣਾਉਣ ਦਾ ਸੁਝਾਅ ਮੰਨਣ ਯੋਗ ਨਹੀਂ। ਉਨ੍ਹਾਂ ਕਿਹਾ ਕਿ ਅਦਾਲਤ ਵੀ ਮੰਦਰ ਲਈ ਪੱਕੇ ਢਾਂਚੇ ਦੀ ਹਮਾਇਤੀ ਹੈ, ਪਰ ਅਦਾਲਤ ਦੀ ਇਹ ਮਨਸ਼ਾ ਫੈਸਲੇ ਵਿੱਚ ਟਾਈਪਿੰਗ ਅਤੇ ਕਲੈਰੀਕਲ ਗ਼ਲਤੀਆਂ ਕਰਕੇ ਨਜ਼ਰ ਨਹੀਂ ਆਉਂਦੀ। ਅਸ਼ੋਕ ਤੰਵਰ ਨੇ ਪਟੀਸ਼ਨ ਵਿੱਚ ਮੰਦਿਰ ਨੇੜੇ ਮੌਜੂਦ ਗੁਰੂ ਰਵਿਦਾਸ ਸਰੋਵਰ ਨੂੰ ਕੇਂਦਰ ਬਣਾਉਣ ਦੀ ਮੰਗ ਕੀਤੀ ਹੈ। ਇਸ ਪਟੀਸ਼ਨ ਵਿੱਚ ਗੁਰੂ ਰਵਿਦਾਸ ਸਰੋਵਰ ਤੇ ਸਮਾਧੀਆਂ ਨੂੰ ਮੰਦਿਰ ਦੀ ਚਾਰਦੀਵਾਰੀ ਅੰਦਰ ਰੱਖੇ ਜਾਣ ਸਬੰਧੀ ਹਦਾਇਤਾਂ ਜਾਰੀ ਕਰਨ ਲਈ ਵੀ ਆਖਿਆ ਗਿਆ ਹੈ।

# ਸੋਨੇ ਦੀ ਚੇਨ ਅਤੇ ਮੋਬਾਈਲ ਦਾ ਸ਼ੌਕ ਪੂਰਾ ਕਰਨ ਲਈ ਅੱਠ ਦਿਨ ਦੀ ਬੱਚੀ ਵੇਚ ਦਿੱਤੀ

ਚੇਨਈ, 24 ਨਵੰਬਰ (ਪੋਸਟ ਬਿਊਰੋ)- ਸੋਨੇ ਦੀ ਚੇਨ ਪਹਿਨਣ ਤੇ ਸਕਰੀਨ ਟੱਚ ਮੋਬਾਈਲ ਰਖਣ ਦੇ ਸ਼ੌਕ ਵਿੱਚ ਅੱਠ ਦਿਨ ਦੀ ਦੁੱਧ-ਮੂੰਹੀ ਬੱਚੀ ਨੂੰ ਵੇਚਣ ਦੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਬੇਟੀ ਨੂੰ ਵੇਚਣ ਵਾਲਾ ਕੱਲਯੁਗੀ ਪਿਤਾ ਤਾਮਿਲ ਨਾਡੂ ਦੇ ਤਿਰੂਨੇਲਵਲੀ ਜਿਲ੍ਹੇ ਦੇ ਅਰੂਗਮਪਟੀ ਪਿੰਡ ਦਾ ਰਹਿਣ ਵਾਲਾ ਹੈ। ਉਹ ਪੇਸ਼ੇ ਤੋਂ ਦਿਹਾੜੀ ਮਜ਼ਦੂਰ ਹੈ



ਜਿਸ ਦੀ ਪਛਾਣ ਯੇਸੁਰੂਦਰਾਜ ਦੇ ਰੂਪ ਵਿੱਚ ਹੋਈ ਹੈ।

ਦੋਸ਼ੀ ਸ਼ਖਸ ਦੀ ਪਤਨੀ ਪੁਸ਼ਪ ਲਤਾ ਨੇ 8 ਨਵੰਬਰ ਨੂੰ ਸਥਾਨਕ ਹਸਪਤਾਲ ਵਿੱਚ ਜੁੜਵਾਂ ਬੱਚੇ ਇੱਕ ਲੜਕਾ ਅਤੇ ਇੱਕ ਲੜਕੀ ਨੂੰ ਜਨਮ ਦਿੱਤਾ ਸੀ। ਜਨਮ ਦੇਣ ਵਾਲੀ ਮਹਿਲਾ ਨੂੰ ਪਤਾ ਨਹੀਂ ਸੀ ਕਿ ਉਸ ਦਾ ਪਤੀ ਇਨ੍ਹਾਂ ਬੱਚਿਆਂ ਦੇ ਜਨਮ ਬਾਰੇ ਕੀ ਸੋਚ ਰਿਹਾ ਹੈ। ਦੋਸ਼ੀ ਬੇਟੀ ਨਹੀਂ ਚਾਹੁੰਦਾ ਸੀ। ਉਹ ਸਿਰਫ ਬੇਟਾ ਰੱਖਣਾ ਚਾਹੁੰਦਾ ਸੀ ਇਸ ਲਈ ਉਸਨੇ ਬੱਚੀ ਨੂੰ ਵੇਚਣ ਦੀ ਯੋਜਨਾ ਬਣਾਈ ਅਤੇ ਤਿੰਨ ਸਥਾਨਕ ਲੋਕਾਂ ਦੀ ਮਦਦ ਨਾਲ ਉਸ ਨੇ ਬੱਚੀ ਨੂੰ ਵੇਚ ਦਿੱਤਾ, ਪਰ ਕਿਸੇ ਨੂੰ ਖ਼ਬਰ ਨਹੀਂ ਲੱਗੀ। ਬੱਚੀ ਨੂੰ ਵੇਚਣ ਦਾ ਸੌਦਾ 1,80,000 ਰੁਪਏ ਦਾ ਹੋਇਆ। ਇਸ ਵਿੱਚੋਂ 80 ਹਜ਼ਾਰ ਰੁਪਏ ਤਿੰਨ ਦਲਾਲਾਂ ਨੇ ਆਪਸ ਵਿੱਚ ਵੰਡ ਲਏ ਅਤੇ ਬਾਕੀ ਪੈਸੇ ਉਸ ਨੂੰ ਮਿਲੇ। ਉਸ ਦੀ ਪਤਨੀ ਨੂੰ ਇਸ ਦਾ ਕੁਝ ਪਤਾ ਨਹੀਂ ਲੱਗਾ। ਇਹ ਸਭ ਦੇ ਕੁਝ ਘੰਟੇ ਬਾਅਦ ਦੋਸ਼ੀ ਸ਼ਖਸ ਆਪਣੇ ਨਵਜਾਤ ਬੇਟੇ ਲਈ ਸੋਨੇ ਦੀ ਚੇਨ ਖਰੀਦ ਲਿਆਇਆ। ਆਪਣੇ ਲਈ ਇੱਕ ਸਕਰੀਨ ਟੱਚ ਮੋਬਾਈਲ, ਮੋਟਰਸਾਈਕਲ ਅਤੇ ਸਾਈਕਲ ਵੀ ਲੈ ਆਇਆ। ਬਾਅਦ ਵਿੱਚ ਕੇਸ ਪੁਲਸ ਤੱਕ ਪਹੁੰਚ ਗਿਆ ਅਤੇ ਉਸ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ।

# ਗੁਜਰਾਤ ਵਿੱਚ ਪਤਨੀ ਨੇ 140 ਕਿਲੋਮੀਟਰ ਪਿੱਛਾ ਕਰ ਕੇ ਪਤੀ ਨੂੰ ਫੇਸਬੁਕ ਫਰੈਂਡ ਨਾਲ ਫੜ੍ਹਿਆ

ਵਡੋਦਰਾ, 24 ਨਵੰਬਰ (ਪੋਸਟ ਬਿਊਰੋ)- ਗੁਜਰਾਤ ਦੀ ਇੱਕ ਮਹਿਲਾ ਨੇ ਆਪਣੇ ਸਰਕਾਰੀ ਅਧਿਕਾਰੀ ਪਤੀ ਨੂੰ 140 ਕਿਲੋਮੀਟਰ ਪਿੱਛਾ ਕਰ ਕੇ ਉਸ ਦੀ 'ਵੋ' ਦੇ ਨਾਲ ਰੰਗੇ ਹੱਥੀਂ ਕਾਬੂ ਕਰ ਲਿਆ। ਉਸ ਦਾ ਪਤੀ ਫੇਸਬੁਕ ਫਰੈਂਡ ਦੇ ਨਾਲ ਗੈਸਟ ਹਾਊਸ ਦੇ ਕਮਰੇ ਵਿੱਚ ਬੰਦ ਸੀ ਕਿ ਪਤਨੀ ਮਹਿਲਾ ਨੇ ਹੈਲਪਲਾਈਨ ਟੀਮ ਦੀ ਮਦਦ ਨਾਲ ਗੋਤਰੀ ਥਾਣੇ ਵਿੱਚ ਉਸ ਦੇ ਖਿਲਾਫ ਇੱਕ ਸ਼ਿਕਾਇਤ ਦਰਜ ਕਰਵਾ ਦਿੱਤੀ।

ਇਸ ਸੰਬੰਧ ਵਿੱਚ ਪਤੀ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਉਹ ਆਪਣੇ ਦੋਸਤ ਦੀ ਕੁੰਡਲੀ ਦੱਸਣ ਆਇਆ ਹੈ। ਕੁੰਡਲੀ ਦਿਖਾਉਣ ਲਈ ਗਾਂਧੀਨਗਰ ਤੋਂ 140 ਕਿਲੋਮੀਟਰ ਦੂਰ ਵਡੋਦਰਾ ਕਿਉਂ ਆ ਪਹੁੰਚੇ? ਪੁਲਸ ਨੇ ਪਤੀ ਅਤੇ ਉਸ ਦੀ ਮਹਿਲਾ ਮਿੱਤਰ ਦੇ ਖਿਲਾਫ ਨਾਨ ਕਾਗਜ਼ੀਜੇਬਲ (ਐੱਨ ਸੀ) ਅਰਜ਼ੀ ਲੈ ਕੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅਫਸਰ ਦੀ ਪਤਨੀ ਨੇ ਦੱਸਿਆ ਕਿ ਪਤੀ ਆਦਿੱਤਯ ਦੇਸਾਈ ਗਾਂਧੀਨਗਰ ਵਿੱਚ ਸੈਕਸ਼ਨ ਅਫਸਰ ਹੈ। ਉਹ ਦਫਤਰ ਤੋਂ ਨਿਕਲ ਕੇ ਵਡੋਦਰਾ ਪਹੁੰਚਿਆ, ਓਥੇ ਇੱਕ ਸੈਲੂਨ ਵਿੱਚ ਸ਼ੇਵ ਕਰਾਈ। ਫਿਰ ਕੀਰਤੀ ਸਤੰਭ ਗਿਆ, ਜਿੱਥੇ ਕੋਮਲ ਨਾਂਅ ਦੀ ਮਹਿਲਾ ਉਸ ਦੀ ਕਾਰ ਵਿੱਚ ਬੈਠੀ। ਰਸਤੇ ਵਿੱਚ ਦੋਵਾਂ ਨੇ ਨਾਸ਼ਤਾ ਕੀਤਾ ਅਤੇ ਗੈਸਟ ਹਾਊਸ ਪਹੁੰਚੇ। ਪਿੱਛਾ ਕਰਦੇ ਹੋਏ ਉਹ ਗੈਸਟ ਹਾਊਸ ਗਈ ਤਾਂ ਦੇਖਿਆ ਕਿ ਪਤੀ ਦੇ ਸਰੀਰ 'ਤੇ ਸ਼ਰਟ ਨਹੀਂ ਅਤੇ ਫੇਸਬੁਕ ਫਰੈਂਡ ਮਿਨੀ ਗਾਊਨ ਵਿੱਚ ਸੀ। ਫੜੇ ਜਾਣ ਉੱਤੇ ਉਸ ਨੇ ਖੁਦ ਨੂੰ ਤਲਾਕ ਸ਼ੁਦਾ ਦੱਸਿਆ। ਪੁਲਸ ਦੇ ਮੁਤਾਬਕ ਗੈਸਟ ਹਾਊਸ ਵਿੱਚ ਔਰਤਾਂ ਦੀ ਹੱਥੋਪਾਈ ਹੋਈ ਸੀ। ਇਸ ਬਾਰੇ ਕੇਸ ਦਰਜ ਕਰ ਲਿਆ ਹੈ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for
Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

Study Visa / Visitor Visa
IELTS
LEARN & ACQUIER SKILLS TO SUCCEED
Canada Australia New Zealand USA UK
Garhshankar Chowk
Banga - 144505
Silvern Consultants
Vision. Passion. Excellence
+91-98887-12109
+91-70093-79011
01823-500594
info.silvernconsultants@gmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132''
88''
8 Seated Sofa
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## 'ਜੀ 5' ਅਤੇ 'ਫਾਈਵ ਆਈਜ' ਦੇ ਰੇੜਕੇ ਵਿੱਚ ਕੈਨੇਡਾ ਲਈ ਮੁਸ਼ਕਲ ਘੜੀਆਂ

22 ਨਵੰਬਰ ਨੂੰ ਹੈਲੀਫੈਕਸ ਵਿੱਚ ਹੋਈ ਇੰਟਰਨੈਸ਼ਨਲ ਸਿਕਿਉਰਿਟੀ ਫੋਰਮ ਦੌਰਾਨ ਅਮਰੀਕਾ ਦੇ ਨੈਸ਼ਨਲ ਸਿਕਿਉਰਿਟੀ ਸਲਾਹਕਾਰ ਰੌਬਰਟ ਓ-ਬਰਾਇਨ ਨੇ ਚੇਤਾਵਨੀ ਦਿੱਤੀ ਹੈ ਜਿਸਨੂੰ ਮੰਨਣ ਜਾਂ ਨਾ ਮੰਨਣ ਦੇ ਸਿੱਟੇ ਗੰਭੀਰ ਹੋ ਸਕਦੇ ਹਨ। ਕੈਨੇਡਾ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਜੇ ਇਸਨੇ ਚੀਨ ਦੀ ਹੁਆਵੇਅ (Huawei) ਕੰਪਨੀ ਨੂੰ ਜੀ 5 (G 5) ਇੰਟਰਨੈੱਟ ਨੈੱਟਵਰਕ ਸੇਵਾ ਲਾਗੂ ਕਰਨ ਦੀ ਇਜ਼ਾਜਤ ਦਿੱਤੀ ਤਾਂ ਕੈਨੇਡੀਅਨ ਕੌਮੀ ਸੁਰੱਖਿਆ ਅਤੇ ਸਮੂਹ ਕੈਨੇਡਾ ਵਾਸੀਆਂ ਦੀ ਜਾਣਕਾਰੀ (information security) ਨੂੰ ਹੀ ਖਤਰੇ ਵਿੱਚ ਨਹੀਂ ਹੋਵੇਗਾ ਸਗੋਂ ਇਸਦੇ ਆਪਣੇ ਨੇੜਲੇ ਸਾਥੀ ਮੁਲਕਾਂ ਖਾਸ-ਕਰਕੇ ਫਾਈਵ ਆਈਜ਼ (Five Eyes) ਦੇਸ਼ਾਂ ਨਾਲ ਸਬੰਧ ਵੀ ਖਰਾਬ ਹੋਣਗੇ। ਵਰਨਣਯੋਗ ਹੈ ਕਿ ਹੈਲੀਫੈਕਸ ਕਾਨਫਰੰਸ ਦੌਰਾਨ ਅਮਰੀਕਾ ਦੇ ਡੈਮੋਕਰੈਟਿਕ ਅਤੇ ਰੀਪਬਲਕਿਨ ਦੋਵਾਂ ਧਿਰਾਂ ਦੇ ਸੀਨੇਟਰਾਂ ਨੇ ਇੱਕਮਤ ਹੋ ਕੇ ਕੈਨੇਡਾ ਨੂੰ ਹੁਆਵੇਅ ਕੰਪਨੀ ਤੋਂ ਦੂਰੀ ਬਣਾ ਕੇ ਰੱਖਣ ਦੀ ਸਲਾਹ ਦਿੱਤੀ ਹੈ ਤਾਂ ਜੋ ਕੈਨੇਡਾ ਦੇ ਕੌਮੀ ਹਿੱਤਾਂ ਦਾ ਨੁਕਸਾਨ ਨਾ ਹੋਵੇ। ਅਮਰੀਕਾ ਦੀਆਂ ਖੁਫੀਆਂ ਏਜੰਸੀਆਂ ਦਾ ਆਖਣਾ ਹੈ ਕਿ ਹੁਆਵੇਅ ਕੰਪਨੀ ਕੋਈ ਵਿਉਪਾਰਕ ਅਦਾਰਾ ਨਹੀਂ ਸਗੋਂ ਚੀਨ ਦੇ ਖੁਫੀਆ ਤੰਤਰ ਦਾ ਹਿੱਸਾ ਹੈ ਜੋ ਵਿਦੇਸ਼ਾਂ ਵਿੱਚੋਂ ਚੀਨ ਸਰਕਾਰ ਲਈ ਜਾਣਕਾਰੀ ਚੋਰੀ ਕਰੇਗੀ।

ਕੈਨੇਡਾ ਲਈ ਇਹ ਧਮਕੀਆਂ ਨਾਜ਼ੁਕ ਅਤੇ ਚਿੰਤਾਜਨਕ ਹਨ ਜਿਸ ਨਾਲ ਸਿੱਝਣਾ ਸੌਖਾ ਨਹੀਂ ਹੋਵੇਗਾ। ਅਮਰੀਕਾ ਨਾਲ ਹੋਈ ਸੰਧੀ ਤਹਿਤ ਕੈਨੇਡਾ ਵੱਲੋਂ ਹੁਆਵੇਅ ਦੀ ਮੁੱਖ ਵਿੱਤ ਅਫ਼ਸਰ ਮੈਂਗ ਵਾਨਜ਼ੂ (Meng Wanzhou) ਦੀ ਗ੍ਰਿਫਤਾਰੀ ਦਾ ਚੀਨ ਨੇ ਸਖ਼ਤ ਨੋਟਿਸ ਲਿਆ ਹੈ। 47 ਸਾਲਾ ਬੀਬੀ ਵਾਂਨਜ਼ੂ ਦੀ ਗ੍ਰਿਫਤਾਰੀ ਅਮਰੀਕੀ ਖੁਫੀਆ ਏਜੰਸੀਆਂ ਵੱਲੋਂ ਦਿੱਤੀ ਇਤਲਾਹ ਦੇ ਆਧਾਰ ਉੱਤੇ 1 ਦਸੰਬਰ 2018 ਨੂੰ ਵੈਨਕੂਵਰ ਵਿੱਚ ਕੀਤੀ ਗਈ ਸੀ। ਜਿੱਥੇ ਅਮਰੀਕਾ ਚਾਹੁੰਦਾ ਹੈ ਕਿ ਕੈਨੇਡਾ ਵੱਲੋਂ ਮਿਸ ਵਾਂਨਜ਼ੂ ਨੂੰ ਉਸਦੇ ਹਵਾਲੇ ਕੀਤਾ ਜਾਵੇ, ਉੱਥੇ ਕੈਨੇਡਾ ਦੇ ਐਕਸ਼ਨ ਤੋਂ ਗੁੱਸੇ ਹੋਏ ਚੀਨ ਨੇ ਦੋ ਕੈਨੇਡੀਅਨਾਂ ਨੂੰ ਜੇਲ੍ਹ ਵਿੱਚ ਸੁੱਟ ਰੱਖਿਆ ਹੈ ਜਿਹਨਾਂ ਨੂੰ ਰਿਹਾਅ ਕਰਵਾਉਣਾ ਸਰਕਾਰ ਦੀ ਪਹਿਲ ਬਣੀ ਹੋਈ ਹੈ। ਸਾਬਕਾ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਚੋਣਾਂ ਤੋਂ ਪਹਿਲਾਂ ਇਹ ਆਖ ਕੇ ਜਾਨ ਛੁਡਾ ਲਈ ਸੀ ਕਿ ਹੁਆਵੇਅ ਦੇ ਜੀ-5 ਬਾਰੇ ਫੈਸਲਾ ਚੋਣਾਂ ਤੋਂ ਬਾਅਦ ਲਿਆ ਜਾਵੇਗਾ। ਹੁਣ ਇਸ ਮਸਲੇ ਨਾਲ ਸਿੱਝਣ ਵਾਸਤੇ ਨਵੇਂ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਦੀ ਵਾਰੀ ਆ ਗਈ ਹੈ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਹੋਂਦ ਵਿੱਚ ਆਈ ਫਾਈਵ ਆਈਜ਼ ਇੱਕ ਇੰਟੈਲੀਜੈਂਸ ਸੰਸਥਾ ਹੈ ਜਿਸ ਦੇਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਕੈਨੇਡਾ ਮੈਂਬਰ ਹਨ। ਇਹ ਇੱਕ ਦੂਜੇ ਨਾਲ ਸਿਗਨਲ ਇੰਟੈਲੀਜੈਂਸ ਬਾਰੇ ਸਹਿਯੋਗ ਕਰਦੇ ਹਨ। 2001 ਵਿੱਚ ਹੋਏ 9/11 ਹਮਲੇ ਤੋਂ ਬਾਅਦ ਫਾਈਵ ਆਈਜ਼ ਨੇ ਆਪਣੀ ਸਰਗਰਮੀ ਨੂੰ ਐਥੇ ਤੱਕ ਮਜ਼ਬੂਤ ਕਰ ਦਿੱਤਾ ਸੀ ਕਿ ਮੈਂਬਰ ਮੁਲਕ ਆਪਣੇ ਸਿਟੀਜ਼ਨਾਂ ਦੀ ਜਾਣਕਾਰੀ ਵੀ ਇੱਕ ਦੂਜੇ ਨਾਲ ਸਾਂਝੀ ਕਰਨ ਕਰਦੇ ਰਹੇ ਹਨ। ਕਈ ਵਿਵਾਦ ਭਰੀਆਂ ਗਤੀਵਿਧੀਆਂ ਦੇ ਬਾਵਜੂਦ ਫਾਈਵ ਆਈਜ਼ ਰਿਸ਼ਤਾ ਕਮਜ਼ੋਰ ਹੋਣ ਦੀ ਥਾਂ ਮਜ਼ਬੂਤ ਹੁੰਦਾ ਗਿਆ ਹੈ। ਹੁਣ ਚੀਨ ਦੀ ਹੁਆਵੇਅ ਵੱਲੋਂ ਜੀ-5 ਨੂੰ ਕੈਨੇਡਾ ਲਿਆਉਣ ਦੇ ਯਤਨਾਂ ਨਾਲ ਇਸ ਸੰਸਥਾ ਦਾ ਰੋਲ ਮੁੜ ਚਰਚਾ ਵਿੱਚ ਆ ਗਿਆ ਹੈ।

ਇਨਫਰਮੇਸ਼ਨ ਤਕਨਾਲੋਜੀ ਖੇਤਰ ਨਾਲ ਜੁੜੇ ਮਾਹਰਾਂ ਦਾ ਆਖਣਾ ਹੈ ਕਿ ਕੈਨੇਡਾ ਦਾ ਹੁਆਵੇਅ ਨੂੰ ਜੀ-5 ਲਾਗੂ ਕਰਨ ਦੇਣ ਦਾ ਅਰਥ ਹੋਵੇਗਾ ਕੈਨੇਡਾ ਦੀ ਸੁਰੱਖਿਆ ਦੇ ਕਿਸੇ ਵੀ ਘੇਰੇ ਦਾ ਚੀਨੀ ਪਹੁੰਚ ਤੋਂ ਬਾਹਰ ਨਾ ਰਹਿਣਾ। ਇਸ ਬਾਰੇ ਚੇਤਾਵਨੀ Canadian Security Intelligence Service (CSIS) ਦਾ ਸਾਬਕਾ ਡਾਇਰੈਕਟਰ ਰਿਚਰਡ ਫਾਦੇਨ ਵੀ ਪਬਲਿਕ ਰੂਪ ਵਿੱਚ ਦੇ ਚੁੱਕਾ ਹੈ।

ਕੈਨੇਡਾ ਨੇ ਆਪਣੀਆਂ ਖੁਫੀਆ ਏਜੰਸੀਆਂ ਨੂੰ ਇਸ ਗੱਲ ਦਾ ਪਤਾ ਲਾਉਣ ਦੇ ਹੁਕਮ ਦਿੱਤੇ ਹੋਏ ਹਨ ਕਿ ਹੁਆਵੇਅ ਨੂੰ ਜੀ-5 ਲਾਗੂ ਕਰਨ ਦੀ ਇਜ਼ਾਜਤ ਨਾਲ ਕੈਨੇਡਾ ਦੀ ਸੁਰੱਖਿਆ ਨੂੰ ਕਿੰਨਾ ਕੇ ਖਤਰਾ ਹੋ ਸਕਦਾ ਹੈ ਅਤੇ ਲਾਗੂ ਨਾ ਕਰਨ ਦੀ ਸੂਰਤ ਵਿੱਚ ਕੈਨੇਡਾ ਦੀਆਂ ਟੈਲੀਕਮਿਉਨੀਕੇਸ਼ਨ ਕੰਪਨੀਆਂ ਨੂੰ ਕਿਹੋ ਜਿਹਾ ਆਰਥਕ ਨੁਕਸਾਨ ਹੋਵੇਗਾ। ਕੈਨੇਡਾ ਦੀ Security Intelligence Review Committee (SIRC) ਨੇ 2015 ਵਿੱਚ ਸਰਕਾਰ ਨੂੰ ਕੈਨੇਡਾ ਦੇ ਅੰਦਰ ਹੀ ਇਸਦੀ ਸੁਰੱਖਿਆ ਨੂੰ ਜ਼ੋਖਮ (Inernal threat) ਹੋਣ ਬਾਰੇ ਚੇਤਾਵਨੀ ਦਿੱਤੀ ਸੀ। ਅਮਰੀਕਾ ਦੇ ਐਡਵਾਰਡ ਸਨੋਅਡਨ (Edward Snowden) ਵੱਲੋਂ ਕੀਤੇ Wikileaks ਧਮਾਕੇ ਤੋਂ ਅੰਦਰੂਨੀ ਖਤਰੇ ਦਾ ਡਰ ਹੋਰ ਵੀ ਜ਼ਿਆਦਾ ਹੋ ਚੁੱਕਾ ਹੈ। ਆਰ ਸੀ ਐਮ ਪੀ ਦੇ ਨੈਸ਼ਨਲ ਇੰਟੈਲੀਜੈਂਸ ਕੋਆਰਡੀਨੇਸ਼ਨ ਸੈਂਟਰ ਦੇ ਡਾਇਰੈਕਟਰ ਜਨਰਲ ਕੈਮਰੋਨ ਓਰਟਿਸ ਦੀ ਕੌਮੀ ਜਾਣਕਾਰੀ ਨੂੰ ਲੀਕ ਕਰਨ ਦੇ ਦੋਸ਼ਾਂ ਕਾਰਣ ਹੋਈ ਗ੍ਰਿਫਤਾਰੀ ਅੰਦਰੂਨੀ ਖਤਰੇ ਨੂੰ ਹੋਰ ਵੀ ਉਜਾਗਰ ਕਰਦੀ ਹੈ। ਕੈਮਰੋਨ ਓਰਟਿਸ ਦੀ 22 ਅਕਤੂਬਰ 2019 ਨੂੰ ਜ਼ਮਾਨਤ ਰੱਦ ਕਰਕੇ ਦੁਬਾਰਾ ਜੇਲ੍ਹ ਵਿੱਚ ਪਾਇਆ ਗਿਆ ਹੈ।

ਇਹ ਵੇਖਣਾ ਦਿਲਚਸਪ ਹੋਵੇਗਾ ਇਹਨਾਂ ਸਾਰੀਆਂ ਜ਼ਮੀਨੀ ਚੁਣੌਤੀਆਂ ਦੇ ਸਨਮੁਖ ਨਵੀਂ ਘੱਟ ਗਿਣਤੀ ਲਿਬਰਲ ਸਰਕਾਰ ਕਿਹੋ ਜਿਹੀ ਪਹੁੰਚ ਅਪਣਾਵੇਗੀ। ਖਾਸਕਰਕੇ ਜਦੋਂ ਆਸਟਰੇਲੀਆ ਨੇ ਆਪਣੇ ਸਾਥੀ ਫਾਈਵ ਆਈਜ਼ ਮੈਂਬਰਾਂ ਦੀ ਸਲਾਹ ਮੰਨ ਕੇ ਹੁਆਵੇਅ ਦੇ ਜੀ-5 ਨੈੱਟਵਰਕ ਤੋਂ ਹੱਥ ਪਿੱਛੇ ਖਿੱਚ ਲਏ ਹਨ।

## ਸੀ ਬੀ ਆਈ ਨਾਲ ਸੁਪਰੀਮ ਕੋਰਟ ਵਿੱਚ ਕਾਨੂੰਨੀ ਲੜਾਈ ਦੇ ਲਈ ਪੰਜਾਬ ਸਰਕਾਰ ਤਿਆਰ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਸੀ ਬੀ ਆਈ ਦੇ ਖਿਲਾਫ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਕਾਨੂੰਨੀ ਲੜਾਈ ਲਈ ਤਿਆਰ ਹੈ। ਸੀ ਬੀ ਆਈ ਨੇ ਕੱਲ੍ਹ ਮੋਹਾਲੀ ਕੋਰਟ ਵਿੱਚ ਕਿਹਾ ਕਿ ਉਹ ਜਲਦ ਹੀ ਬਰਗਾੜੀ ਬੇਅਦਬੀ ਕੇਸ ਉਸ ਤੋਂ ਵਾਪਸ ਲੈਣ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ।



ਕਾਫੀ ਸਮਾਂ ਪਹਿਲਾਂ ਸਰਕਾਰ ਨੇ ਬਰਗਾੜੀ ਬੇਅਦਬੀ ਮਾਮਲਾ ਸੀ ਬੀ ਆਈ ਤੋਂ ਵਾਪਸ ਲੈ ਲਿਆ ਅਤੇ ਕਿਹਾ ਸੀ ਕਿ ਸੀ ਬੀ ਆਈ ਨੇ ਤਿੰਨ ਸਾਲ ਬੀਤਣ ਦੇ ਬਾਅਦ ਵੀ ਇਸ ਕੇਸ ਵਿੱਚ ਕੋਈ ਤਸੱਲੀ ਬਖਸ਼ ਕਾਰਵਾਈ ਨਹੀਂ ਕੀਤੀ ਤੇ ਕੇਸ ਉਥੇ ਦਾ ਉਥੇ ਲਟਕਿਆ ਪਿਆ ਹੈ। ਇਸ ਦੇ ਬਾਅਦ ਪੰਜਾਬ ਸਰਕਾਰ ਦੇ ਇਸ ਫੈਸਲੇ 'ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਫੈਸਲਾ ਦਿੱਤਾ ਸੀ ਕਿ ਪੰਜਾਬ ਸਰਕਾਰ ਦੇ ਕੇਸ ਵਾਪਸ ਲੈਣ ਦੇ ਫੈਸਲੇ ਤੇ ਉਹ ਕੋਈ ਦਖਲ ਨਹੀਂ ਦੇਵੇਗੀ। ਇਸ ਦੇ ਬਾਅਦ ਸੀ ਬੀ ਆਈ ਨੇ ਮੋਹਾਲੀ ਅਦਾਲਤ ਵਿੱਚ ਕਿਹਾ ਕਿ ਜਿੰਨੀ ਦੇਰ ਉਹ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਨਹੀਂ ਦਿੰਦੀ, ਤਦ ਤੱਕ ਇਸ ਕੇਸ ਦੀ ਸੁਣਵਾਈ ਨੂੰ ਅੱਗੇ ਪਾ ਦਿੱਤੀ ਜਾਏ।

ਦੂਜੇ ਪਾਸੇ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਉਸ ਦਾ ਕੇਸ ਬਹੁਤ ਮਜ਼ਬੂਤ ਹੈ ਅਤੇ ਸੀ ਬੀ ਆਈ ਜੇ ਸੁਪਰੀਮ ਕੋਰਟ ਵਿੱਚ ਆਈ ਤਾਂ ਰਾਹ ਸਰਕਾਰ ਇਸ ਨਾਲ ਉਥੇ ਕਾਨੂੰਨੀ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹੈ। ਸਰਕਾਰ ਦੇ ਇੱਕ ਉਚ ਅਧਿਕਾਰੀ ਨੇ ਦੱਸਿਆ ਕਿ ਜਿਸ ਕੇਸ ਦਾ ਹਵਾਲਾ ਸੀ ਬੀ ਆਈ ਸੁਪਰੀਮ ਕੋਰਟ ਜਾਣ ਲਈ ਦੇ ਰਹੀ ਹੈ, ਉਸ ਦਾ ਬਰਗਾੜੀ ਕੇਸ ਨਾਲ ਕੋਈ ਦੂਰ ਦਾ ਵਾਸਤਾ ਵੀ ਨਹੀਂ ਅਤੇ ਇਸ ਲਈ ਸੁਪਰੀਮ ਕੋਰਟ ਵਿੱਚ ਸੀ ਬੀ ਆਈ ਦੇ ਜਾਣ ਦਾ ਆਧਾਰ ਨਹੀਂ ਬਣਦਾ। ਸੀ ਬੀ ਆਈ ਸੁਪਰੀਮ ਕੋਰਟ ਵਿੱਚ ਜੇ ਜਾਵੇਗੀ ਤਾਂ ਉਹ ਪੰਜਾਬ ਵਿਧਾਨ ਸਭਾ ਦਾ ਅਪਮਾਨ ਹੋਵੇਗਾ ਅਤੇ ਇਸ ਦੇ ਲਈ ਸੀ ਬੀ ਆਈ ਨੂੰ ਮਾਣਹਾਨੀ ਕੇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਧਾਨ ਸਭਾ ਨੇ ਸੂਬਾ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ ਬਰਗਾੜੀ ਬੇਅਦਬੀ ਕੇਸ ਸੀ ਬੀ ਆਈ ਕੋਲੋਂ ਵਾਪਸ ਲੈ ਕੇ ਪੰਜਾਬ ਪੁਲਸ ਦੇ ਹਵਾਲੇ ਕਰੇ। ਸੀ ਬੀ ਆਈ ਵਿਧਾਨ ਸਭਾ ਦੇ ਇਸ ਹੁਕਮ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਜਾਂਦੀ ਹੈ ਤਾਂ ਇਹ ਵਿਧਾਨ ਸਭਾ ਦੀ ਮਾਣਹਾਨੀ ਦਾ ਮੁੱਦਾ ਬਣੇਗਾ। ਸੂਬਾ ਸਰਕਾਰ ਇਸ ਬਾਰੇ ਸੀ ਬੀ ਆਈ ਨੂੰ ਲਿਖ ਚੁੱਕੀ ਹੈ।

ਸਰਕਾਰੀ ਅਫਸਰਾਂ ਮੁਤਾਬਕ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਦਾ ਫੈਸਲਾ 25 ਜਨਵਰੀ ਨੂੰ ਕੀਤਾ ਸੀ ਅਤੇ ਇਸ ਨੂੰ 10 ਮਹੀਨੇ ਹੋ ਜਾਣ ਕਾਰਨ ਸੁਪਰੀਮ ਕੋਰਟ ਵਿੱਚ ਇਸ ਦੇ ਫੈਸਲੇ ਦੇ ਖਿਲਾਫ ਅਪੀਲ ਪਾਉਣ ਦਾ ਸਮਾਂ ਨਿਕਲ ਚੁੱਕਾ ਹੈ। ਅਫਸਰਾਂ ਦਾ ਮੰਨਣਾ ਹੈ ਕਿ ਅਪੀਲ ਨੱਬੇ ਦਿਨਾਂ ਦੇ ਅੰਦਰ ਪਾਈ ਜਾ ਸਕਦੀ ਹੈ। ਪਤਾ ਲੱਗਾ ਹੈ ਕਿ ਜੇ ਅਜਿਹੀ ਦਿੱਕਤ ਸੀ ਬੀ ਆਈ ਨੂੰ ਆਈ ਤਾਂ ਉਹ ਸੁਪਰੀਮ ਕੋਰਟ ਨੂੰ ਦਰਖਾਸਤ ਦੇ ਸਕਦੀ ਹੈ ਕਿ ਅਪੀਲ ਪਾਉਣ ਵਿੱਚ ਦੇਰੀ ਲਈ ਉਨ੍ਹਾਂ ਨੂੰ ਮੁਆਫ ਕਰ ਕੇ ਅਪੀਲ ਦੀ ਸੁਣਵਾਈ ਕੀਤੀ ਜਾਏ।






## ਚੋਣਾਂ ਵਿੱਚ ਹੋਏ ਨੁਕਸਾਨ ਕਾਰਨ ਸ਼ੀਅਰ ਨੇ ਆਪਣੇ ਦੋ ਉਘੇ ਸਹਾਇਕਾਂ ਦੀ ਕੀਤੀ ਛੁੱਟੀ

...ਪੰਨਾ 1 ਦਾ ਬਾਕੀ

ਅਸੀਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਭ੍ਰਿਸ਼ਟ ਲਿਬਰਲ ਸਰਕਾਰ ਨੂੰ ਜਵਾਬਦੇਹ ਠਹਿਰਾਉਣਾ ਹੈ, ਅਤੇ ਜਦੋਂ ਅਸੀਂ ਇਹ ਕੰਮ ਸਹੀ ਢੰਗ ਨਾਲ ਕਰ ਲਿਆ ਤਾਂ ਅਸੀਂ ਅਗਲੀਆਂ ਚੋਣਾਂ ਵਿੱਚ ਟਰੂਡੋ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਤਿਆਰ ਹੋਵਾਂਗੇ।

ਇਹ ਤਬਦੀਲੀਆਂ ਉਸ ਸਮੇਂ ਆਈਆਂ ਹਨ ਜਦੋਂ 21 ਅਕਤੂਬਰ ਨੂੰ ਹੋਈਆਂ ਚੋਣਾਂ ਦੇ ਨਤੀਜਿਆਂ ਬਾਰੇ ਪਾਰਟੀ ਤੇ ਸ਼ੀਅਰ ਨੂੰ ਸਖ਼ਤ ਸਵਾਲਾਂ ਦੇ ਜਵਾਬ ਦੇਣੇ ਪੈ ਰਹੇ ਹਨ। ਐਸਐਨਸੀ-ਲਾਵ-ਾਲਿਨ ਮਾਮਲੇ ਤੇ ਬਲੈਕਫੇਸ ਮਾਮਲੇ ਤੋਂ ਬਾਅਦ ਜਸਟਿਨ ਟਰੂਡੋ ਦੇ ਮੁੜ ਪ੍ਰਧਾਨ ਮੰਤਰੀ ਚੁਣੇ ਜਾਣ ਦੀਆਂ ਸੰਭਾਵਨਾਵਾਂ ਮੱਠੀਆਂ ਪੈ ਜਾਣ ਉੱਤੇ ਸ਼ੀਅਰ ਨੂੰ ਹੀ ਸੰਭਾਵੀ ਪ੍ਰਧਾਨ ਮੰਤਰੀ ਵਜੋਂ ਵੇਖਿਆ ਜਾ ਰਿਹਾ ਸੀ। ਪਰ ਸਰਵੇਖਣਾਂ ਤੋਂ ਲਗਾਤਾਰ ਇਹ ਪਤਾ ਲੱਗਦਾ ਰਿਹਾ ਕਿ ਸ਼ੀਅਰ ਠੋਸ ਆਧਾਰ ਕਾਇਮ ਕਰਨ ਵਿੱਚ ਸਫਲ ਨਹੀਂ ਹੋਏ। ਲਿਬਰਲਾਂ ਤੇ ਕੰਜ਼ਰਵੇਟਿਵਾਂ ਵਿਚਾਲੇ ਕੈਂਪੇਨ ਦੌਰਾਨ ਵੀ ਫਸਵਾਂ ਮੁਕਾਬਲਾ ਹੋਇਆ।

ਡਿਸਮਿਸ ਕੀਤੇ ਗਏ ਦੋਵਾਂ ਸਟਾਫਰਜ਼ ਨੇ ਫੇਸਬੁੱਕ ਉੱਤੇ ਪੋਸਟਸ ਪਾ ਕੇ ਇਨ੍ਹਾਂ ਤਬਦੀਲੀਆਂ ਬਾਰੇ ਜਾਣਕਾਰੀ ਦਿੱਤੀ ਤੇ ਕਈ ਸਾਲਾਂ ਤੱਕ ਸਮਰਥਨ ਦੇਣ ਲਈ ਸ਼ੀਅਰ ਦਾ ਸ਼ੁਕਰੀਆ ਵੀ ਅਦਾ ਕੀਤਾ। ਇਸ ਦੌਰਾਨ ਲੈਕਲਰਕ ਨੇ ਇਹ ਵੀ ਲਿਖਿਆ ਕਿ ਹੁਣ ਉਹ ਸਿਆਸਤ ਤੋਂ ਸੰਨਿਆਸ ਲੈਣ ਜਾ ਰਿਹਾ ਹੈ।

## ਸਕਾਰਬੌਰੋ ਦੀ ਰਿਹਾਇਸ਼ੀ ਇਮਾਰਤ ਵਿੱਚ ਚੱਲੀਆਂ ਗੋਲੀਆਂ, ਇੱਕ ਹਲਾਕ

...ਪੰਨਾ 1 ਦਾ ਬਾਕੀ

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਸ ਇਮਾਰਤ ਵਿੱਚ ਰਹਿਣ ਵਾਲਾ ਵਿਅਕਤੀ ਜਦੋਂ ਚੌਥੀ ਮੰਜ਼ਿਲ ਉੱਤੇ ਸਥਿਤ ਆਪਣੇ ਫਲੈਟ ਵਿੱਚ ਜਾ ਰਿਹਾ ਸੀ ਤਾਂ ਪੌੜੀਆਂ ਉੱਤੇ ਹੀ ਘੇਰ ਕੇ ਉਸ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ। ਟੋਰਾਂਟੋ ਪੁਲਿਸ ਦੇ ਹੋਮੀਸਾਈਡ ਡਿਟੈਕਟਿਵ ਪਾਲ ਵੌਰਡਨ ਨੇ ਦੱਸਿਆ ਕਿ ਜੈਚਰੀ ਹਮਲਾਵਰ ਤੋਂ ਬਚਣ ਲਈ ਕਦੇ ਇੱਧਰ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਕਦੇ ਉੱਧਰ ਪਰ ਫਿਰ ਵੀ ਗੱਲ ਨਹੀਂ ਬਣੀ ਤੇ ਉਸ ਨੂੰ ਕਈ ਗੋਲੀਆਂ ਲੱਗ ਗਈਆਂ। ਵੌਰਡਨ ਨੇ ਦੱਸਿਆ ਕਿ ਇਸ ਦੌਰਾਨ 15 ਤੋਂ 20 ਗੋਲੀਆਂ ਚਲਾਈਆਂ ਗਈਆਂ। ਕੰਧਾਂ ਉੱਤੇ ਵੀ ਗੋਲੀਆਂ ਦੇ ਨਿਸ਼ਾਨ ਹਨ ਤੇ ਛੱਤਾਂ ਉੱਤੇ ਵੀ ਗੋਲੀਆਂ ਦੇ ਨਿਸ਼ਾਨ ਪਾਏ ਗਏ। ਖੂਨ ਦੇ ਨਿਸ਼ਾਨ ਵੀ ਕਈ ਥਾਂਵਾਂ ਉੱਤੇ ਵੇਖਣ ਨੂੰ ਮਿਲੇ।

ਮਸ਼ਕੂਕ ਨੂੰ ਇਸੇ ਇਮਾਰਤ ਦੇ ਸਾਹਮਣੇ ਵਾਲੇ ਦਰਵਾਜ਼ੇ ਤੋਂ ਨਿਕਲਕੇ ਡੈਨਫੋਰਥ ਰੋਡ ਵੱਲ ਭੱਜਦਿਆਂ ਵੇਖਿਆ ਗਿਆ ਤੇ ਇੱਕ ਗੱਡੀ ਪਹਿਲਾਂ ਤੋਂ ਹੀ ਪਲਾਜ਼ਾ ਪਾਰਕਿੰਗ ਲੌਟ ਵਿੱਚ ਉਸ ਦਾ ਇੰਤਜ਼ਾਰ ਕਰ ਰਹੀ ਸੀ। ਪੁਲਿਸ ਨੇ ਦੱਸਿਆ ਕਿ ਬਹੁਤੀ ਸੰਭਾਵਨਾ ਹੈ ਕਿ ਉਹ ਗੱਡੀ ਚਿੱਟੇ ਰੰਗ ਦੀ ਸੀ, ਤੇ ਉਹ ਪਲਾਜ਼ਾ ਤੋਂ ਡੈਨਫੋਰਥ ਰੋਡ ਤੇ ਫਿਰ ਲਾਰੈਂਸ ਐਵਨਿਊ ਵੱਲ ਗਈ। ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਕਾਂਡ ਗੈਂਗ ਨਾਲ ਸਬੰਧਤ ਸੀ ਤੇ 2 ਨਵੰਬਰ ਨੂੰ ਇਸੇ ਇਲਾਕੇ ਵਿੱਚ ਵਾਪਰੇ ਇੱਕ ਹੋਰ ਗੋਲੀਕਾਂਡ ਨਾਲ ਵੀ ਪੁਲਿਸ ਇਸ ਘਟਨਾ ਨੂੰ ਮਿਲਾ ਕੇ ਵੇਖ ਰਹੀ ਹੈ। ਉਸ ਸਮੇਂ ਇੱਕ ਵਿਅਕਤੀ ਜਦੋਂ ਡੈਨਫੋਰਥ ਰੋਡ ਉੱਤੇ ਬਾਰ ਵਿੱਚ ਸੀ ਤਾਂ ਉਸ ਦੀ ਲੱਤ ਵਿੱਚ ਗੋਲੀ ਮਾਰੀ ਗਈ ਸੀ।

ਗੁਆਂਢੀਆਂ ਨੇ ਦੱਸਿਆ ਕਿ ਮ੍ਰਿਤਕ ਆਪਣੇ ਪਰਿਵਾਰ ਨਾਲ ਕਈ ਸਾਲਾਂ ਤੋਂ ਇਸ ਇਮਾਰਤ ਵਿੱਚ ਰਹਿੰਦਾ ਸੀ। ਉਨ੍ਹਾਂ ਆਖਿਆ ਕਿ ਦਿਨਦਿਹਾੜੇ ਉਨ੍ਹਾਂ ਦੀ ਇਮਾਰਤ ਵਿੱਚ ਇਸ ਤਰ੍ਹਾਂ ਗੋਲੀਆਂ ਚੱਲਣ ਤੋਂ ਬਾਅਦ ਹੁਣ ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਵੌਰਡਨ ਨੇ ਆਖਿਆ ਕਿ ਬਹੁਤ ਮੰਦਭਾਗੀ ਗੱਲ ਹੈ ਕਿ ਕੋਈ ਵਿਅਕਤੀ ਇਸ ਘਟਨਾ ਵਿੱਚ ਮਾਰਿਆ ਗਿਆ ਪਰ ਚੰਗੀ ਗੱਲ ਇਹ ਹੈ ਕਿ ਇਸ ਘਟਨਾ ਵਿੱਚ ਕੋਈ ਹੋਰ ਜ਼ਖ਼ਮੀ ਨਹੀਂ ਹੋਇਆ। ਉਨ੍ਹਾਂ ਆਖਿਆ ਕਿ ਉਸ ਸਮੇਂ ਕੋਈ ਵੀ ਵਿਅਕਤੀ, ਜਿਹੜਾ ਆਪਣੇ ਅਪਾਰਟਮੈਂਟ ਵਿੱਚੋਂ ਬਾਹਰ ਆ ਰਿਹਾ ਹੁੰਦਾ, ਇਸ ਖੂਨੀ ਲੜਾਈ ਵਿੱਚ ਫਸ ਸਕਦਾ ਸੀ।

## ਅਹਿਮ ਭੂਮਿਕਾਵਾਂ ਲਈ ਜਗਮੀਤ ਸਿੰਘ ਨੇ ਬੀਸੀ ਦੇ ਦੋ ਐਮਪੀਜ਼ ਦੀ ਕੀਤੀ ਚੋਣ

...ਪੰਨਾ 1 ਦਾ ਬਾਕੀ

ਟਰੂਡੋ ਸਰਕਾਰ ਡਿੱਗ ਨਾ ਜਾਵੇ ਇਸ ਲਈ ਲਿਬਰਲਾਂ ਨੂੰ ਘੱਟੋ ਘੱਟ ਇੱਕ ਹੋਰ ਪਾਰਟੀ ਨਾਲ ਰਲ ਕੇ ਚੱਲਣਾ ਯਕੀਨੀ ਬਣਾਉਣਾ ਹੋਵੇਗਾ ਤੇ ਇਸ ਸਬੰਧੀ ਗੱਲਬਾਤ ਹਾਊਸ ਲੀਡਰਜ਼ ਦਰਮਿਆਨ ਹੋਵੇਗੀ। ਵ੍ਹਿਪ ਕਾਕਸ ਵਿੱਚ ਅਨੁਸ਼ਾਸਨ ਬਣਾਈ ਰੱਖਣ ਤੇ ਕਾਮਨਜ਼ ਵਿੱਚ ਪਾਰਟੀ ਐਮਪੀਜ਼ ਦੀ ਪ੍ਰਸ਼ਾਸਕੀ ਕਾਰਗੁਜ਼ਾਰੀ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਜਗਮੀਤ ਸਿੰਘ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਘੱਟ ਗਿਣਤੀ ਪਾਰਲੀਆਮੈਂਟ ਵਿੱਚ ਉਨ੍ਹਾਂ ਦੀ ਪਾਰਟੀ ਲਈ ਸਧੇ ਹੋਏ ਤੇ ਤਜ਼ਰਬੇਕਾਰ ਮੈਂਬਰ ਹੀ ਕੰਮ ਕਰਨ। ਉਨ੍ਹਾਂ ਆਖਿਆ ਕਿ ਪੀਟਰ ਕਾਕਸ ਮੈਂਬਰਾਂ ਵਿੱਚੋਂ ਸੱਭ ਤੋਂ ਵੱਧ ਤਜ਼ਰਬੇਕਾਰ ਤੇ ਵਚਨਬੱਧ ਮੈਂਬਰ ਹਨ ਤੇ ਰੇਚਲ ਨੇ ਨਾ ਸਿਰਫ ਕਾਕਸ ਵਿੱਚ ਸਗੋਂ ਇਸ ਤੋਂ ਬਾਹਰ ਵੀ ਲੋਕਾਂ ਤੋਂ ਆਦਰ ਖੱਟਿਆ ਹੈ। ਉਨ੍ਹਾਂ ਅੱਗੇ ਆਖਿਆ ਕਿ ਘੱਟ ਗਿਣਤੀ ਸਰਕਾਰ ਵਿੱਚ ਕੰਮ ਕਰਨ ਲਈ ਹੁਣ ਜਦੋਂ ਐਨਡੀਪੀ ਤਿਆਰੀ ਕਰ ਰਹੀ ਹੈ ਤਾਂ ਉਹ ਅਹਿਮ ਲੀਡਰਸ਼ਿਪ ਵਾਲੀਆਂ ਭੂਮਿਕਾਵਾਂ ਲਈ ਇਨ੍ਹਾਂ ਦੋਵਾਂ ਉੱਤੇ ਨਿਰਭਰ ਕਰਨਗੇ। ਜਗਮੀਤ ਸਿੰਘ ਨੇ ਇਹ ਐਲਾਨ ਵਿਕਟੋਰੀਆ, ਬੀਸੀ ਵਿੱਚ ਐਨਡੀਪੀ ਦੇ ਇਜਲਾਸ ਦੌਰਾਨ ਕੀਤਾ। ਦੱਸਣਾ ਬਣਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਹੀ ਅਜਿਹਾ ਇੱਕ ਮਾਤਰ ਪ੍ਰੋਵਿੰਸ ਹੈ ਜਿੱਥੇ ਪ੍ਰੀਮੀਅਰ ਜੌਹਨ ਹੌਰਗਨ ਦੀ ਅਗਵਾਈ ਵਾਲੀ ਐਨਡੀਪੀ ਸਰਕਾਰ ਹੈ। ਪਾਰਟੀ ਨੇ ਆਖਿਆ ਕਿ ਐਨਡੀਪੀ ਦੇ ਸ਼ੈਡੋ ਕੈਬਨਿਟ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ।

## ਹਰਮੰਦਰ ਸਾਹਿਬ ਵਿੱਚ ਵ੍ਹੀਲ ਚੇਅਰ ਵਰਤਣ ਬਾਰੇ ਐੱਸ ਜੀ ਪੀ ਸੀ ਫੈਸਲਾ ਲਵੇ : ਹਾਈ ਕੋਰਟ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਸ੍ਰੀ ਹਰਮੰਦਰ ਸਾਹਿਬ ਵਿੱਚ ਦਿਵਿਆਂਗਾਂ ਲਈ ਇਲੈਕਟ੍ਰਿਕ ਵ੍ਹੀਲ ਚੇਅਰ ਦੀ ਵਰਤੋਂ ਦੀ ਇਜਾਜ਼ਤ ਦੇਣ ਦੀ ਮੰਗ ਬਾਰੇ ਪਟੀਸ਼ਨ ਉਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਨੂੰ ਇਸ ਬਾਰੇ ਤਿੰਨ ਮਹੀਨੇ ਵਿੱਚ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ।



ਚੀਫ ਜਸਟਿਸ ਰਵੀ ਸ਼ੰਕਰ ਝਾਅ ਅਤੇ ਜਸਟਿਸ ਰਾਜੀਵ ਸ਼ਰਮਾ ਦੀ ਬੈਂਚ ਨੇ ਐੱਸ ਜੀ ਪੀ ਸੀ ਤੋਂ ਪੁੱਛਿਆ ਹੈ ਕਿ ਦਿਵਿਆਂਗਾਂ ਨੂੰ ਇਲੈਕਟ੍ਰਿਕ ਵ੍ਹੀਲ ਚੇਅਰ ਬਾਰੇ ਗੋਲਡਨ ਟੈਂਪਲ ਤੱਕ ਜਾਣ ਦੀ ਇਜਾਜ਼ਤ ਮਿਲ ਸਕਦੀ ਹੈ ਜਾਂ ਨਹੀਂ। ਪਟਿਆਲਾ ਵਾਸੀ ਦਿਵਿਆਂਗ ਸ਼ਿੰਗਾਰਾ ਸਿੰਘ ਤੇ ਦਿਵਿਆਂਗ ਐਸੋਸੀਏਸ਼ਨ ਨੇ ਦਾਖਲ ਅਰਜ਼ੀ ਵਿੱਚ ਮੰਗ ਕੀਤੀ ਸੀ ਕਿ ਸ੍ਰੀ ਗੋਲਡਨ ਟੈਂਪਲ ਵਿੱਚ ਦਿਵਿਆਂਗਾਂ ਨੂੰ ਮੱਥਾ ਟੇਕਣ ਲਈ ਵ੍ਹੀਲ ਚੇਅਰ ਵਰਤਣ ਦਿੱਤੀ ਜਾਏ। ਦਿਵਿਆਂਗ ਹੋਣ ਕਾਰਨ ਬਹੁਤ ਸਾਰੇ ਲੋਕ ਅੰਦਰ ਮੱਥਾ ਟੇਕਣ ਨਹੀਂ ਜਾ ਸਕਦੇ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

















# ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ)




ਇਸ ਥਾਂ ’ਤੇ ਸਤਿਗੁਰੂ ਨਾਨਕ ਦੇਵ ਜੀ ਦਾ ਜਨਮ ਮਹਿਤਾ ਕਾਲੂ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਵਿਸਾਖ ਸੁਦੀ 3 (20 ਵਿਸਾਖ) ਸੰਮਤ 1526 (15 ਅਪ੍ਰੈਲ 1469) ਨੂੰ ਹੋਇਆ। ਉਹ ਕੋਠਾ ਜਿਸ ’ਚ ਦਾਈ ਦੌਲਤਾਂ ਨੇ ਸਭ ਤੋਂ ਪਹਿਲਾ ਬਾਲ ਰੂਪ ਅੰਦਰ ਸਤਿਗੁਰੂ ਨਾਨਕ ਦਾ ਦੀਦਾਰ ਪਾਇਆ, ਉਹ ਇਹ ਥਾਂ ਸੀ। ਇਥੇ ਹੁਣ ਗੁਰਦੁਆਰਾ ਜਨਮ ਅਸਥਾਨ ਦੀ ਚੌਖੰਡੀ (ਪ੍ਰਕਾਸ਼ ਅਸਥਾਨ) ਹੈ। ਇਸ ਦੀ ਮੌਜੂਦਾ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਅਧੀਨ 1819-20 ਵਿੱਚ ਬਣੀ ਸੀ। ਚੌਖੰਡੀ ਦੇ ਬਾਹਰ ਸਾਹਮਣੇ ਖੁੱਲ੍ਹਾ ਬਰਾਂਡਾ ਹੈ ਜਿਸ ਨੂੰ ਬਾਰਾਂਦਰੀ ਦਾ ਨਾਮ ਦਿੱਤਾ ਗਿਆ ਹੈ, ਇਹ ਮਹੰਤ ਸਾਧੂ ਰਾਮ ਨੇ ਬਣਵਾਈ ਸੀ ਅਤੇ ਆਲੇ ਦੁਆਲੇ ਦਾ ਅਹਾਤਾ, ਦਰਸ਼ਨੀ ਡਿਉੜੀ ਦੇ ਉੱਪਰ ਦਾ ਹਿੱਸਾ ਅਤੇ ਬੁਰਜ ਗੁਰਦੁਆਰਾ ਕਮੇਟੀ ਨੇ ਬਣਵਾਏ। ਸਰੋਵਰ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਹੋਈ ।1944 ਵਿੱਚ ਇਸ ਦੇ ਪੌੜਾਂ ਦੀ ਨਵੇਂ ਸਿਰਿਉਂ ਉਸਾਰੀ ਬਾਬਾ ਗੁਰਮੁਖ ਸਿੰਘ ਜੀ ਹੋਰਾਂ ਕਰਵਾਈ। ਨਨਕਾਣਾ ਸਾਹਿਬ ਅਸਟੇਟ ਦਾ ਕੁੱਲ ਰਕਬਾ 17675 ਏਕੜ ਹੈ। ਇਹਦੇ ਵਿੱਚ ਵਾਹੀਵਾਨਾਂ ਦੀਆਂ ਬਸਤੀਆਂ, ਸਰਕਾਰੀ ਇਮਾਰਤਾਂ, ਸੜਕਾਂ, ਰੇਲਵੇ ਲਾਈਨ ਅਤੇ ਨਹਿਰਾ ਆਦਿ ਹੇਠ 1749 ਏਕੜ ਰਕਬਾ ਹੈ ਜਦ ਕਿ ਖੇਤੀਬਾੜੀ ਯੋਗ ਰਕਬੇ ਦੀ ਨਪਾਈ 15926 ਏਕੜ ਹੈ। ਗੁਰਦੁਆਰਾ ਜਨਮ ਅਸਥਾਨ ਦੇ ਨਾਂ ਕੋਟ ਲਾਭ ਦਾਸ ਵਿੱਚ 350 ਏਕੜ, ਝਲਾਰ ਗੰਗਾ ਰਾਮ ਵਿੱਚ 200 ਏਕੜ, ਕੋਟ ਦਿਆਲ ਦਾਸ ਵਿੱਚ 224 ਏਕੜ ਤੇ ਧੂੜਕੋਟ ਵਿੱਚ 150 ਏਕੜ ਜ਼ਮੀਨ ਹੈ। ਨਨਕਾਣਾ ਸਾਹਿਬ ਤੋਂ ਬਾਹਰ ਵੀ ਕੁੱਲ ਜਾਇਦਾਦ ਇਸ ਪਾਵਨ ਅਸਥਾਨ ਦੇ ਨਾਮ ਹੈ, ਜਿਹਦਾ ਵੇਰਵਾ ਕੁਝ ਇੱਦਾਂ ਹੈ। ਪਿੰਡ ਸ਼ਾਹਪੁਰ ਤੇ ਹਰੀਆ ਵਿੱਚ 22 ਮੁਰੱਬੇ, ਪਿੰਡ ਬਿਹਾਰੀਪੁਰ ਵਿੱਚ 3% ਮੁਰੱਬੇ, ਪਿੰਡ ਕੰਨਲ ਵਿੱਚ 23 ਏਕੜ, ਪਿੰਡ ਚੀਰੀ ਵਿੱਚ 3 ਮੁਰੱਬੇ (ਕੇਵਲ ਮੌਰੂਸੀ ਹੱਕ) ਤੇ ਪਿੰਡ ਨਾਨਕ ਕੋਟ ਵਿੱਚ 3% ਮੁਰੱਬੇ ਹਨ । ਸਾਂਗਲਾ ਹਿੱਲ ਵਿੱਚ ਤਿੰਨ ਦੁਕਾਨਾਂ, ਦੋ ਦੁਕਾਨਾਂ ਸ਼ਾਹਕੋਟ ਵਿੱਚ ਅਤੇ ਇੱਕ ਗੁੱਜਰ ਖਾਂ ਜ਼ਿਲ੍ਹਾ ਰਾਵਲਪਿੰਡੀ ਵਿੱਚ ਗੁਰਦੁਆਰਾ ਸਾਹਿਬ ਦੇ ਨਾਂ ਹੈ।

ਗੁਰਦੁਆਰੇ ਦਾ ਪ੍ਰਬੰਧ ਪਹਿਲਾਂ ਉਦਾਸੀਆਂ ਪਾਸ ਸੀ, ਫਿਰ ਮਹੰਤਾਂ ਕੋਲ ਰਿਹਾ। 1921 ਵਿੱਚ ਇੱਕ ਵੱਡੀ ਲੜਾਈ

ਮਗਰੋਂ ਇਹਨਾਂ ਪਾਵਨ ਅਸਥਾਨਾਂ ਦਾ ਪ੍ਰਬੰਧ ਪੰਥਕ ਪ੍ਰਬੰਧ ਹੇਠ ਆ ਗਿਆ। ਕੁਝ ਹੀ ਸਾਲਾਂ ਮਗਰੋਂ ਇਹ ਸਭ ਕੁਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਆ ਗਿਆ ਜੋ 1947 ਤੋਂ ਮਗਰੋਂ ਗੁਰਦੁਆਰਾ ਜਨਮ ਅਸਥਾਨ ਸਣੇ ਪਾਕਿਸਤਾਨ ਵਿੱਚ ਮੌਜੂਦ ਸਾਰੇ ਦੇ ਸਾਰੇ ਇਤਿਹਾਸਕ ਗੁਰਦੁਆਰੇ “ਪਾਕਿਸਤਾਨ ਮਤਰੋਕਾ ਵਕਫ ਇਮਲਾਕ ਬੋਰਡ” ਦੀ ਸੇਵਾ ਸੰਭਾਲ ਵਿੱਚ ਦੇ ਦਿੱਤੇ। ਹੁਣ ਤੱਕ ਇਹ ਅਦਾਰਾ ਇਸ ਸਾਰੀ ਜਾਇਦਾਦ ਦਾ ਮਾਲਕ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਜ਼ਿੰਮੇਵਾਰ ਹੈ।

### ਗੁਰਦੁਆਰਾ ਜਨਮ ਅਸਥਾਨ ਦੀ ਵਲਗਣ ਵਿੱਚ ਕੁਝ ਹੋਰ ਇਤਿਹਾਸਕ ਅਸਥਾਨ

ਦਰਸ਼ਨੀ ਡਿਉੜੀ ਲੰਘਦਿਆਂ ਹੀ ਉੱਕਾ ਬਰੂਹਾਂ ਵਿੱਚ ਹੀ ਤੁਹਾਡੇ ਖੱਬੇ ਹੱਥ ਲੋਹੇ ਦਾ ਇੱਕ ਵੱਡਾ ਸਾਰਾ ਜੰਗਲਾ ਆਉਂਦਾ ਹੈ। ਇਸ ਜੰਗਲੇ ਅੰਦਰ ਖੂਹ ਹੈ, ਇਸ ਖੂਹ ਨੂੰ ਬੇਬੇ ਨਾਨਕੀ ਜੀ ਦਾ ਖੂਹ ਆਖਿਆ ਜਾਂਦਾ ਹੈ। ਇਹ ਖੂਹ ਪਹਿਲਾਂ ਮਹਿਤਾ ਕਾਲੂ ਦਾਸ ਦੇ ਘਰ ਦਾ ਖੂਹ ਸੀ। ਸਤਿਗੁਰ ਜੀ ਨੇ ਬਾਲ ਅਵਸਥਾ ਵਿੱਚ ਇਸੇ ਖੂਹ ਦਾ ਹੀ ਜਲ ਛਕਿਆ ਸੀ। ਹੁਣ ਇਸ ਪਾਵਨ ਖੂਹ ਦੁਆਲੇ ਜੰਗਲਾ ਲਾ ਦਿੱਤਾ ਗਿਆ ਹੈ ਅਤੇ ਇਹਦੇ ਵਿੱਚ ਟਿਉਬਵੈਲ ਲਗਾ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਅੰਦਰ ਇਸੇ ਖੂਹ ਦਾ ਹੀ ਪਾਵਨ ਜਲ ਵਰਤਾਇਆ ਜਾਂਦਾ ਹੈ।




ਚੌਖੰਡੀ ਗੁਰਦੁਆਰਾ ਜਨਮ ਅਸਥਾਨ ਦੀ ਸੱਜੀ ਬਾਹੀ ਦੇ ਕੋਈ 12 ਮੀਟਰ ਦੀ ਵਿੱਥ ’ਤੇ ਇੱਕ ਜੰਡ ਦਾ ਰੁੱਖ ਹੈ। ਇਸ ਜੰਡ ਨਾਲ ਜਥੇਦਾਰ ਭਾਈ ਲਛਮਣ ਸਿੰਘ ਜੀ ਨੂੰ ਜਿਉਂਦਾ ਹੀ ਪੁੱਠਾ ਲਟਕਾ ਕੇ ਮਹੰਤ ਨਰਾਇਣੂ ਨੇ 20 ਫਰਵਰੀ 1921 ਨੂੰ ਸਾੜ ਦਿੱਤਾ ਸੀ।

# ਸੱਭਿਅਕ ਸਮਾਜ, ਮੌਤ ਦੀ ਸਜ਼ਾ ਅਤੇ ਸਰਕਾਰ

-ਅਭੈ ਸਿੰਘ-

ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੇ ਭਾਰਤ ਸਰਕਾਰ ਦੇ ਫੈਸਲੇ ਬਾਰੇ ਕਈ ਪ੍ਰਕਾਰ ਦੇ ਪ੍ਰਤੀਕਰਮ ਹੋ ਰਹੇ ਹਨ। ਸਭ ਤੋਂ ਪਹਿਲੀ ਗੱਲ, ਇਹ ਕਦਮ ਇਸ ਪੱਖੋਂ ਸੁਆਗਤ ਯੋਗ ਹੈ ਕਿ ਸੰਸਾਰ ਭਰ ਦੀ ਵੱਡੀ ਰਾਏ-ਆਮਾ ਅੱਜ ਮੌਤ ਦੀ ਸਜ਼ਾ ਨੂੰ ਇਨਸਾਨੀ ਸਭਿਅਤਾ ਦੇ ਵਿਰੁੱਧ ਮੰਨਦੀ ਹੈ। ਦੁਨੀਆ ਦੇ ਦੋ ਤਿਹਾਈ ਦੇਸ਼ਾਂ ਨੇ ਆਪੋ-ਆਪਣੇ ਦੇਸ਼ ਤੋਂ ਮੌਤ ਦੀ ਸਜ਼ਾ ਦਾ ਕਾਨੂੰਨ ਖ਼ਤਮ ਕੀਤਾ ਹੋਇਆ ਹੈ। ਸੰਸਾਰ ਪੰਚਾਇਤ ਯੂ ਐੱਨ ਓ ਨੇ ਇਸ ਸਜ਼ਾ ਦੇ ਖ਼ਿਲਾਫ਼ ਮਤਾ ਪਾਸ ਕੀਤਾ ਹੋਇਆ ਤੇ ਦੁਨੀਆ ਦੇ ਹਰ ਦੇਸ਼ ਨੂੰ ਅਪੀਲ ਕੀਤੀ ਹੋਈ ਹੈ। ਦੁੱਖ ਦੀ ਗੱਲ ਹੈ ਕਿ ਕੁਝ ਦੇਸ਼ ਅਜੇ ਵੀ ਇਸ ਅਪੀਲ ਨੂੰ ਨਹੀਂ ਮੰਨਦੇ। ਮਹਾਤਮਾ ਬੁੱਧ ਅਤੇ ਗਾਂਧੀ ਦਾ ਦੇਸ਼ ਭਾਰਤ ਵੀ ਇਸ ਨੂੰ ਸਵੀਕਾਰ ਨਹੀਂ ਕਰ ਰਿਹਾ, ਜਿਸ ਦੇ ਝੰਡੇ ਉਪਰ ਹਿੰਸਾ ਤੋਂ ਤੋਬਾ ਕਰਨ ਵਾਲੇ ਸਮਰਾਟ ਅਸ਼ੋਕ ਦਾ ਚੱਕਰ ਹੈ।

ਮੌਤ ਦੀ ਸਜ਼ਾ ਅਤੇ ਹਿੰਸਾ ਦਾ ਵਿਰੋਧ ਕਰਨ ਵਾਲਾ ਅਤੇ ਇਨਸਾਨੀ ਸਭਿਅਤਾ ਦਾ ਹਰ ਪੈਰੋਕਾਰ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਦੀ ਹਮਾਇਤ ਕਰੇਗਾ, ਪਰ ਕੁਝ ਲੋਕਾਂ ਦੀ ਹਿਮਾਇਤ ਦੇ ਬੋਲ ਵੀ ਅਜੀਬ ਅਰਥ ਦਿੰਦੇ ਹਨ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਇਸ ਦੀ ਹਿਮਾਇਤ ਵਿੱਚ ਕੇਂਦਰ ਸਰਕਾਰ ਦੀ ਤਾਰੀਫ਼ ਕੀਤੀ ਅਤੇ ਇਸ ਨੂੰ ਪੰਜਾਬ ਵਿੱਚ ਅਮਨ ਰੱਖਣ ਵਾਸਤੇ ਲਾਹੇਵੰਦ ਦੱਸਿਆ ਹੈ। ਅਕਾਲੀ ਦਲ ਨੇ ਕਿਹਾ ਕਿ ਇਸ ਨਾਲ ਸਿੱਖਾਂ ਦੇ ਰਿਸਦੇ ਜ਼ਖਮਾਂ ਉਪਰ ਮਲ੍ਹਮ ਲੱਗੇਗੀ। ਸਿਰਫ਼ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਫੈਸਲੇ ਨਾਲ ਹਮਾਇਤ ਪ੍ਰਗਟ ਕਰਦਿਆਂ ਕਿਹਾ ਕਿ ਉਹ ਮੌਤ ਦੀ ਸਜ਼ਾ ਦੇ ਵਿਰੁੱਧ ਹਨ। ਉਨ੍ਹਾਂ ਦਾ ਬਿਆਨ ਸੁਆਗਤ ਯੋਗ ਹੈ, ਪਰ ਉਨ੍ਹਾਂ ਦੀ ਪਾਰਟੀ ਦੇ ਲੋਕ ਹੀ ਇਸ ਦਾ ਵਿਰੋਧ ਕਰਦੇ ਹਨ ਜਿਨ੍ਹਾਂ ਵਿੱਚ ਪੰਜਾਬ ਕਾਂਗਰਸ ਦਾ ਪ੍ਰਧਾਨ ਸੁਨੀਲ ਜਾਖੜ ਵੀ ਸ਼ਾਮਲ ਹੈ। ਸ਼ਿਵ ਸੈਨਾ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ।

ਵੱਖ-ਵੱਖ ਦਲੀਲਾਂ ਦੇ ਸਾਹਮਣੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨਾ ਸਿਰਫ਼ ਇੱਕ ਪੱਖ ਤੋਂ ਸਹੀ ਹੈ ਕਿ ਮੌਤ ਦੀ ਸਜ਼ਾ ਇਨਸਾਨੀ ਸੱਭਿਅਤਾ ਦੇ ਵਿਰੁੱਧ ਹੈ। ਜੇ ਸ਼ਵੇਤ ਮਲਿਕ ਵਰਗੇ ਲੋਕ ਕਹਿਣਗੇ ਕਿ ਇਹ ਕਾਰਵਾਈ ਪੰਜਾਬ ਵਿੱਚ ਅਮਨ ਕਾਇਮ ਰੱਖਣ ਵਾਸਤੇ ਕੀਤੀ ਹੈ ਤਾਂ ਸਵਾਲ ਪੈਦਾ ਹੋਵੇਗਾ ਕਿ ਜਦੋਂ ਭਾਜਪਾ ਅਫ਼ਜ਼ਲ ਗੁਰੂ ਨੂੰ ਜਲਦੀ ਫਾਂਸੀ ਦੇਣ ਦੀ ਮੰਗ ਕਰਦੀ ਸੀ ਤਾਂ ਕੀ ਕਸ਼ਮੀਰ ਵਿੱਚ ਅਮਨ ਰੱਖਣ ਦੀ ਚਿੰਤਾ ਨਹੀਂ ਸੀ। ਅਕਾਲੀ ਦਲ ਨੇ ਇਸ ਨੂੰ ਸਿੱਖ ਹਿਰਦਿਆਂ ਨੂੰ ਸੰਤੋਖ ਮਿਲਣ ਦੀ ਗੱਲ ਕੀਤੀ ਹੈ। ਸਵਾਲ ਇਹ ਬਣੇਗਾ, ਕੀ ਜਿਸ ਬੰਦੇ ਨੂੰ ਵੀ ਫਾਂਸੀ ਦੀ ਸਜ਼ਾ ਹੋਵੇਗੀ, ਉਹ ਉਸ ਦੇ ਧਰਮ ਵਾਲੇ ਲੋਕਾਂ ਦਾ ਮਸਲਾ ਹੋਵੇਗਾ? ਦਰਅਸਲ ਜਿਹੜੇ ਬੰਦੇ ਮੌਤ ਦੀ ਸਜ਼ਾ ਦਾ ਵਿਧਾਨ ਕਾਇਮ ਰੱਖਣ ਦੇ ਹਿਮਾਇਤੀ ਹਨ, ਉਨ੍ਹਾਂ ਕੋਲ ਰਾਜੋਆਣਾ ਦੀ ਫਾਂਸੀ ਮੁਆਫ਼ ਕਰਨ ਵਾਸਤੇ ਕੋਈ ਢੁਕਵੀਂ ਦਲੀਲ ਨਹੀਂ ਹੈ। ਲੁਧਿਆਣਾ ਤੋਂ ਕਾਂਗਰਸ ਦੇ ਐਮ ਪੀ ਰਵਨੀਤ ਸਿੰਘ ਬਿੱਟੂ ਨੇ ਲੋਕ ਸਭਾ ਵਿੱਚ ਇਸ ਦਾ ਵਿਰੋਧ ਪ੍ਰਗਟਾਉਣ ਦਾ ਐਲਾਨ ਕੀਤਾ ਤੇ ਇਹ ਵੀ ਕਿਹਾ ਕਿ ਰਾਜੋਆਣਾ ਵੱਲੋਂ ਕਤਲ ਕੀਤੇ ਗਏ 17 ਬੰਦਿਆਂ ਦੇ ਪਰਵਾਰਾਂ ਸਮੇਤ ਰਾਜ ਘਾਟ ਉੱਤੇ ਧਰਨਾ ਲਗਾਏਗਾ। ਮ੍ਰਿਤਕ ਬੇਅੰਤ ਸਿੰਘ ਰਵਨੀਤ ਦੇ ਦਾਦਾ ਸਨ, ਉਸ ਦੇ ਜਜ਼ਬਾਤ ਆਪਣੀ ਕਿਸਮ ਦੇ ਹੋ ਸਕਦੇ ਹਨ, ਪਰ ਉਹ ਇੱਕ ਜ਼ਿੰਮੇਵਾਰ ਲੋਕ ਪ੍ਰਤੀਨਿਧ ਹੈ, ਚੰਗਾ ਹੋਵੇ, ਜੇ ਉਹ ਲੋਕ ਸਭਾ ਵਿੱਚ ਫਾਂਸੀ ਦੀ ਸਜ਼ਾ ਦਾ ਵਿਧਾਨ ਖ਼ਤਮ ਕਰਨ ਦੀ ਮੰਗ ਕਰੇ। ਭਾਰਤ ਸਰਕਾਰ ਨੇ ਰਾਜੋਆਣਾ ਦੀ ਫਾਂਸੀ ਮੁਆਫ ਕਰਨ ਬਾਰੇ ਸਿਰਫ਼ ਇਹੀ ਕਿਹਾ ਹੈ ਕਿ ਇਹ ਕਾਰਵਾਈ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਦੀ ਪਵਿੱਤਰਤਾ ਦੇ ਮੱਦੇਨਜ਼ਰ ਕੀਤੀ ਗਈ ਹੈ।

ਰਵਨੀਤ ਬਿੱਟੂ ਪੁੱਛ ਸਕਦਾ ਹੈ ਕਿ ਜੇ ਇਹ ਗੱਲ ਹੈ ਤਾਂ ਭਾਰਤ ਵਿੱਚ ਉਨ੍ਹਾਂ ਸਾਰੇ ਲੋਕਾਂ ਦੀ ਫਾਂਸੀ ਕਿਉਂ ਮੁਆਫ਼ ਨਹੀਂ ਕੀਤੀ ਗਈ, ਜਿਨ੍ਹਾਂ ਨੂੰ ਇਹ ਸੁਣਾਈ ਹੋਈ ਹੈ। ਕੀ ਗੁਰੂ ਨਾਨਕ ਉਨ੍ਹਾਂ ਸਾਰਿਆਂ ਦਾ ਗੁਰੂ ਨਹੀਂ? ਜੇ 17 ਬੰਦਿਆਂ ਦੇ ਕਾਤਲ ਦੀ ਫਾਂਸੀ ਮੁਆਫ਼ ਕੀਤੀ ਜਾ ਸਕਦੀ ਹੈ ਤਾਂ ਇੱਕ ਦੋ ਜਾਂ ਤਿੰਨ-ਚਾਰ ਬੰਦਿਆਂ ਦੇ ਕਾਤਲਾਂ ਦੀਆਂ ਕਿਉਂ ਨਹੀਂ? ਜੇ ਰਵਨੀਤ ਬਿੱਟੂ ਇਹ ਕਹੇ ਕਿ ਤੁਸੀਂ ਫਾਂਸੀ ਦੀ ਸਜ਼ਾ ਦਾ ਵਿਧਾਨ ਖ਼ਤਮ ਕਰੋ, ਜਾਂ ਘੱਟੋ-ਘੱਟ ਭਾਰਤ ਵਿੱਚ ਫਾਂਸੀ ਦਾ ਇੰਤਜ਼ਾਰ ਕਰਦੇ ਸਾਰੇ ਕੈਦੀਆਂ ਦੀ ਸਜ਼ਾ ਮੁਆਫ਼ ਕਰੋ ਤਾਂ ਉਸ ਨੂੰ ਇਸ ਮੁਆਫ਼ੀ ਦਾ ਇਤਰਾਜ਼ ਨਹੀਂ ਤਾ ਉਹ ਮਨੁੱਖਤਾ ਦੀ ਵੱਡੀ ਸੇਵਾ ਕਰ ਲਵੇਗਾ।

ਕਾਤਲਾਂ ਦੀ ਫਾਂਸੀ ਵਿੱਚ ਪੀੜਤ ਪਰਵਾਰਾਂ ਵਾਸਤੇ ਰਾਹਤ ਦੇਖਣੀ ਚੰਗੀ ਰਿਵਾਇਤ ਨਹੀਂ। ਦੋ ਉਦਾਹਰਨਾਂ ਦੇਖੋ। ਉੜੀਸਾ ਵਿੱਚ ਬਜਰੰਗ ਦਲ ਦੇ ਇੱਕ ਕਾਰਕੁਨ ਨੇ ਇਸਾਈ ਮਿਸ਼ਨਰੀ ਨੂੰ ਉਸ ਦੇ ਦੋ ਪੁੱਤਰਾਂ ਸਮੇਤ ਕਾਰ ਵਿੱਚ ਜਿਉਂਦੇ ਸਾੜ ਕੇ ਮਾਰ ਦਿੱਤਾ ਸੀ। ਮਿਸ਼ਨਰੀ ਦੀ ਪਤਨੀ ਨੇ ਅਦਾਲਤ ਵਿੱਚ ਬਿਆਨ ਦਿੱਤਾ ਕਿ ਉਹ ਕਾਤਲ ਨੂੰ ਫਾਂਸੀ ਦੀ ਮੰਗ ਨਹੀਂ ਕਰਦੀ, ਬੱਸ ਇਹੀ ਅਰਦਾਸ ਕਰੇਗੀ ਕਿ ਰੱਬ ਸੱਚਾ ਉਸ ਨੂੰ ਗੁਨਾਹ ਦਾ ਅਹਿਸਾਸ ਕਰਾਏ ਤੇ ਮੁਆਫ਼ੀ ਬਖ਼ਸ਼ੇ। ਰਾਜਸਥਾਨ ਵਿੱਚ ਰੈਗਿੰਗ ਵਿੱਚ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਸੀ। ਤਿੰਨ ਵਿਦਿਆਰਥੀਆਂ ਵਿਰੁੱਧ ਕੇਸ ਚੱਲਿਆ। ਜਦੋਂ ਅਦਾਲਤ ਵਿੱਚ ਵਕੀਲ ਨੇ ਫਾਂਸੀ ਦੀ ਮੰਗ ਕੀਤੀ ਤਾਂ ਮਾਰੇ ਗਏ ਵਿਦਿਆਰਥੀ ਦਾ ਪਿਤਾ ਉਚੀ-ਉਚੀ ਰੋਂਦਾ ‘ਨਹੀਂ ਨਹੀਂ' ਕਰਨ ਲੱਗ ਪਿਆ ਕਿ ਉਸ ਤੋਂ ਇੱਕ ਮੌਤ ਨਹੀਂ ਝੱਲੀ ਜਾ ਰਹੀ, ਤਿੰਨ ਹੋਰ ਕਿਵੇਂ ਝੱਲੇਗਾ! ਇਹ ਅਚੇਤ ਅਤੇ ਸੱਚੇ ਸੁੱਚੇ ਇਨਸਾਨੀ ਜਜ਼ਬੇ ਹਨ, ਵੱਡੇ ਦਿਲ ਹਨ।

ਇੱਕ ਇਤਿਹਾਸਕ ਮਿਸਾਲ ਹੈ। ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਸਾਰਾ ਦੇਸ਼ ਗਮ ਤੇ ਗੁੱਸੇ ਵਿੱਚ ਸੀ ਲੇਕਿਨ ਜਦੋਂ ਨੱਥੂ ਰਾਮ ਗੋਡਸੇ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਮਹਾਤਮਾ ਗਾਂਧੀ ਦਾ ਪੁੱਤਰ ਉਸ ਵੱਲੋਂ ਰਹਿਮ ਦੀ ਅਪੀਲ ਲੈ ਕੇ ਉਸ ਵੇਲੇ ਦੇ ਗਵਰਨਰ ਜਨਰਲ ਕੋਲ ਗਿਆ। ਉਸਨੇ ਦਰਖ਼ਾਸਤ ਕੀਤੀ ਕਿ ਨੱਥੂ ਰਾਮ ਗੋਡਸੇ ਨੇ ਗਾਂਧੀ ਦੇ ਸਰੀਰ ਦਾ ਕਤਲ ਕੀਤਾ ਹੈ, ਪਰ ਜੇ ਇਹ ਫਾਂਸੀ ਦਿੱਤੀ ਗਈ ਤਾਂ ਗਾਂਧੀ ਦੀ ਰੂਹ ਦਾ ਕਤਲ ਹੋਵੇਗਾ ਕਿਉਂਕਿ ਗਾਂਧੀ ਕਦੇ ਫਾਂਸੀ ਦੀ ਹਮਾਇਤ ਨਹੀਂ ਕਰ ਸਕਦਾ ਸੀ। ਉਸ ਦੀ ਅਰਜ਼ੀ ਰੱਦ ਹੋ ਗਈ ਪਰ ਉਸ ਦਾ ਵਿਚਾਰ ਇਤਿਹਾਸਕ ਹੈ।

ਸੁਨੀਲ ਜਾਖੜ ਨੇ ਰਾਜੋਆਣਾ ਦੀ ਫਾਂਸੀ ਮੁਆਫ਼ ਕਰਨ ਦੇ ਖ਼ਿਲਾਫ਼ ਪੁੱਛਿਆ ਹੈ ਕਿ ਭਾਜਪਾ ਦਾ ਅਤਿਵਾਦ ਪ੍ਰਤੀ ‘ਜ਼ੀਰੋ ਟਾਲਰੈਂਸ਼' ਕਿੱਧਰ ਗਿਆ। ਉਸ ਦਾ ਸਵਾਲ ਵਾਜਬ ਹੈ, ਫਾਂਸੀਆਂ ਨਾਲ ਅਤਿਵਾਦ ਨਹੀਂ ਰੁਕ ਸਕਦੇ। ਇਹ ਗੋਲੀਆਂ ਤੇ ਫ਼ਰਜ਼ੀ ਮੁਕਾਬਲਿਆਂ ਨਾਲ ਵੀ ਨਹੀਂ ਰੁਕਦੇ, ਸਰਜੀਕਲ ਸਟਰਾਈਕਾਂ ਤੇ ਹਵਾਈ ਬੰਬਾਰੀਆਂ ਨਾਲ ਵੀ ਨਹੀਂ, ਨਾ ਆਰ ਪਾਰ ਦੇ ਫੈਸਲੇ ਦੇ ਅਲਟੀਮੇਟਮਾਂ ਨਾਲ ਤੇ ਨਾ ਹਜ਼ਾਰਾਂ ਕਰੋੜ ਡਾਲਰਾਂ ਦੇ ਜੰਗੀ ਸਮਾਨ ਨਾਲ। ਇਨ੍ਹਾਂ ਨੂੰ ਰੋਕਣ ਲਈ ਡੂੰਘੇ ਅਧਿਐਨ ਤੇ ਖੋਜ ਦੀ ਲੋੜ ਹੈ, ਮੁਕੰਮਲ ਅਹਿੰਸਾ, ਜਮਹੂਰੀਅਤ ਤੇ ਇਨਸਾਫ਼ ਦੇ ਤਕਾਜ਼ਿਆਂ ਪ੍ਰਤੀ ਆਸਥਾ ਉਸਾਰਨ ਦੀ ਲੋੜ ਹੈ। ਇਸ ਵਾਸਤੇ ਲੋੜ ਹੈ ਕਿ ਬੰਦਾ ਮੂੰਹ ਨਾਲ ਗੱਲ ਕਰਨੀ ਸਿੱਖੇ, ਹਰ ਇੱਕ ਨਾਲ ਅਤੇ ਹਰ ਮਸਲੇ ਬਾਰੇ।

ਅਤਿਵਾਦ ਗੈਰ ਇਨਸਾਨੀ ਵਤੀਰਾ ਹੈ, ਘਿਨਾਉਣਾ ਅਪਰਾਧ ਹੈ, ਹਰ ਕਤਲ ਅਪਰਾਧ ਹੈ। ਫਾਂਸੀ ਵੀ ਇੱਕ ਕਤਲ ਹੈ ਤੇ ਅੱਜ ਦੇ ਸੱਭਿਅਕ ਮਿਆਰ ਵਿੱਚ ਕਾਤਲ ਦਾ ਕਤਲ ਵੀ ਗੁਨਾਹ ਹੈ, ਪਾਪ ਹੈ। ਸਵਾਲ ਹੈ, ਕੀ ਜਿਹੜਾ ਅਤਿਵਾਦੀ, ਘਿਨਾਉਣਾ ਕਾਤਲ ਹੋਰਨਾਂ ਦੇ ਜੀਵਨ ਦਾ ਹੱਕ ਖੋਂਹਦਾ ਹੈ, ਖੁਦ ਜ਼ਿੰਦਾ ਰਹਿਣ ਦਾ ਹੱਕ ਰੱਖਦਾ ਹੈ ਕਿ ਨਹੀਂ? ਠੀਕ ਹੈ, ਉਸ ਦੇ ਜਿਊਣ ਦਾ ਹੱਕ ਨਹੀਂ ਰਹਿੰਦਾ, ਪਰ ਸੱਭਿਅਕ ਇਨਸਾਨੀ ਸਮਾਜ ਦੀ ਮਜ਼ਬੂਰੀ ਹੈ ਕਿ ਉਹ ਕਿਸੇ ਇਨਸਾਨ ਨੂੰ ਜਾਨੋਂ ਨਹੀਂ ਮਾਰ ਸਕਦਾ, ਮੌਤ ਦੀ ਸਜ਼ਾ ਨਹੀਂ ਦੇ ਸਕਦਾ। ਹਾਂ, ਇਸ ਦਾ ਹੱਲ ਅਦਾਲਤਾਂ ਨੇ ਉਮਰ ਭਰ ਦੀ ਕੈਦ ਕੱਢਿਆ ਹੈ, ਬੰਦਾ ਜ਼ਿੰਦਾ ਤਾਂ ਰਹੇਗਾ, ਪਰ ਸਮਾਜ ਵਿੱਚ ਨਹੀਂ, ਜੇਲ੍ਹ ਵਿੱਚ।

ਕੋਈ ਮੰਨੇ ਜਾਂ ਨਾ, ਫਾਂਸੀ ਦੀ ਸਜ਼ਾ ਬਾਰੇ ਭਾਰਤ ਵਿੱਚ ਵੀ ਵੱਡੀ ਨਾ-ਪਸੰਦਗੀ ਪੈਦਾ ਹੋ ਰਹੀ ਹੈ। ਪਹਿਲਾਂ ਜੱਜ ਹੀ ਬਹੁਤ ਘੱਟ ਫਾਂਸੀਆਂ ਦਿੰਦੇ ਹਨ। ਸੁਪਰੀਮ ਕੋਰਟ ਨੇ ਵੀ ਘਿਨਾਉਣੇ ਤੋਂ ਘਿਨਾਉਣੇ ਕੇਸ ਦੀ ਸ਼ਰਤ ਰੱਖੀ ਹੈ। ਫਿਰ ਜਿਨ੍ਹਾਂ ਨੂੰ ਅਦਾਲਤਾਂ ਨੇ ਫਾਂਸੀਆਂ ਸੁਣਾਈਆਂ ਹਨ, ਸਰਕਾਰਾਂ ਦਸ-ਦਸ ਵੀਹ-ਵੀਹ ਸਾਲ ਤੱਕ ਲਟਕਾਈ ਰੱਖਦੀਆਂ ਹਨ। ਸਾਫ ਹੈ ਕਿ ਅਧਿਕਾਰੀਆਂ ਦਾ ਵੀ ਇਨ੍ਹਾਂ ਹੁਕਮਾਂ ਨੂੰ ਅਮਲ ਵਿੱਚ ਲਿਆਉਣ ਦਾ ਜੀਅ ਨਹੀਂ ਕਰਦਾ। ਲੰਮੀ ਝਿਜਕ ਪੈਦਾ ਹੋ ਗਈ ਹੈ। ਸੱਚਮੁੱਚ ਕਿਸੇ ਜਿਉਂਦੇ ਬੰਦੇ ਨੂੰ ਦਿਨ ਤੇ ਵਕਤ ਮਿਥ ਕੇ ਲਿਜਾ ਕੇ ਜਾਨੋ ਮਾਰ ਦੇਣਾ ਸੌਖਾ ਕੰਮ ਨਹੀਂ। ਜੇਲ੍ਹ ਦੇ ਦਰਵਾਜ਼ੇ ਦੇ ਬਾਹਰ ਐਸੇ ਬੰਦੇ ਦੀ ਲਾਸ਼ ਲੈਣ ਵਾਸਤੇ ਲੋਕ ਹਾਜ਼ਰ ਹੋ ਜਾਂਦੇ ਹਨ, ਜੋ ਅਜੇ ਜਿਉਂਦਾ ਹੁੰਦਾ ਹੈ। ਇਸ ਤੋਂ ਵੱਡਾ ਦਰਦਨਾਕ ਮੰਜ਼ਰ ਹੋਰ ਕਿਹੜਾ ਹੋ ਸਕਦਾ ਹੈ?

ਅਜਿਹੇ ਮੰਜ਼ਰਾਂ ਤੇ ਅਜਿਹੀਆਂ ਝਿਜਕਾਂ ਤੋਂ ਬਚਣ ਵਾਸਤੇ ਅਤੇ ਰਾਜੋਆਣਾ ਦੀ ਫਾਂਸੀ ਦੀ ਮੁਆਫ਼ੀ ਵਿਰੁੱਧ ਉਠਦੇ ਸਵਾਲਾਂ ਤੋਂ ਬਚਣ ਵਾਸਤੇ, ਜਿਨ੍ਹਾਂ ਦਾ ਸੱਚਮੁੱਚ ਸਰਕਾਰ ਕੋਲ ਮਕਬੂਲ ਜਵਾਬ ਨਹੀਂ, ਫਾਂਸੀ ਦੀ ਸਜ਼ਾ ਦਾ ਵਿਧਾਨ ਹਮੇਸ਼ਾਂ ਵਾਸਤੇ ਖ਼ਤਮ ਕਰਨਾ ਹੀ ਇਕੋ ਹੱਲ ਹੈ।

# ਪਛਤਾਵੇ ਦਾ ਪਰਛਾਵਾਂ

-ਦਰਸ਼ਨ ਸਿੰਘ

ਇਹ ਗੱਲ ਉਦੋਂ ਦੀ ਹੈ ਜਦੋਂ ਮੈਂ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਮੈਂ ਅਤੇ ਭੋਲਾ ਪੱਕੇ ਆੜੀ ਸਾਂ। ਉਹ ਮੇਰੇ ਨਾਲੋਂ ਹੁਸ਼ਿਆਰ ਸੀ, ਪਰ ਅਸੀਂ ਦੋਵੇਂ ਇਕੋ ਤੱਪੜ ਉਪਰ ਅੱਗੇ ਪਿੱਛੇ ਬੈਠਦੇ ਸੀ। ਘਰੋਂ ਇਕੱਠੇ ਸਕੂਲ ਜਾਂਦੇ, ਪੜ੍ਹਦੇ ਤੇ ਖੇਡਦੇ। ਫਿਰ ਪਤਾ ਨਹੀਂ ਮੇਰੇ ਮਨ ਅੰਦਰ ਉਸ ਪ੍ਰਤੀ ਕਿਉਂ ਈਰਖਾ ਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋ ਗਈ। ਜਦੋਂ ਸਾਡੇ ਭੈਣ ਜੀ ਨੇ ਕਿਸੇ ਗੱਲੋਂ ਉਸ ਨੂੰ ਪਿਆਰ ਨਾਲ ਸ਼ਾਬਾਸ਼ ਦੇਣੀ ਤਾਂ ਮੈਂ ਉਸ ਵੱਲ ਦੇਖਦਾ ਰਹਿ ਜਾਣਾ। ਮੇਰੇ ਨਾਲ ਅਜਿਹਾ ਮੌਕਾ ਕਦੇ ਨਾ ਆਉਣਾ। ਇਹ ਈਰਖਾ ਹੌਲੀ-ਹੌਲੀ ਮੇਰੇ ਉਪਰ ਏਨੀ ਭਾਰੂ ਹੋ ਗਈ ਕਿ ਇਕ ਦਿਨ ਮੈਂ ਉਸ ਦੇ ਬਸਤੇ ਵਿੱਚੋਂ ਹਿਸਾਬ ਦੀ ਕਾਪੀ ਕੱਢ ਕੇ ਚੋਰੀ ਛੁਪੇ ਖਿੜਕੀ ਰਾਹੀਂ ਬਾਹਰ ਸੁੱਟ ਦਿੱਤੀ। ਬਾਹਰ ਬਹੁਤ ਸਾਰਾ ਘਾਹ ਫੂਸ ਪਿਆ ਸੀ, ਜਿਸ ਵਿੱਚ ਉਹ ਕਾਪੀ ਦਿਸਣੋਂ ਹਟ ਗਈ। ਹਿਸਾਬ ਦਾ ਕੰਮ ਕਰਨ ਵੇਲੇ ਭੋਲੇ ਨੂੰ ਕਾਪੀ ਨਾ ਹੋਣ ਦਾ ਪਤਾ ਲੱਗਾ। ਉਹ ਕਾਫੀ ਦੇਰ ਇਧਰ ਉਧਰ ਲੱਭਦਾ ਰਿਹਾ, ਪਰ ਕਿਤੇ ਵੀ ਉਸ ਨੂੰ ਕਾਪੀ ਨਜ਼ਰ ਨਾ ਆਈ। ਉਸ ਨੇ ਭੈਣ ਜੀ ਨੂੰ ਸ਼ਿਕਾਇਤ ਲਾਈ ਕਿ ਕਿਸੇ ਨੇ ਉਸ ਦੀ ਕਾਪੀ ਕੱਢ ਲਈ ਹੈ। ਜਮਾਤ ਵਿੱਚ ਸਾਰੇ ਬਸਤਿਆਂ ਦੀ ਤਲਾਸ਼ੀ ਲਈ ਗਈ, ਪਰ ਕਾਪੀ ਕਿਸੇ ਕੋਲੋਂ ਵੀ ਨਾ ਮਿਲੀ।

ਕਾਪੀ ਨਾ ਮਿਲਣ ਕਾਰਨ ਭੈਣ ਜੀ ਨੇ ‘ਚੋਰ ਕਹਾਣੀ’ ਸੁਣਾ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਚੋਰੀ ਕਰਨਾ ਬਹੁਤ ਵੱਡਾ ਪਾਪ ਹੈ। ਪਾਪ ਤੇ ਪੁੰਨ ਦੀ ਮੈਨੂੰ ਉਸ ਸਮੇਂ ਕੋਈ ਸਮਝ ਨਹੀਂ ਸੀ, ਪਰ ਇਸ ਗੱਲ ਨੇ ਮੇਰੇ ਮਨ ਉਪਰ ਬੋਝ ਜ਼ਰੂਰ ਪਾ ਦਿੱਤਾ। ਮੈਨੂੰ ਬਹੁਤ ਪਛਤਾਵਾ ਹੋਣ ਲੱਗਾ, ਪਰ ਮੇਰੇ ਵਿੱਚ ਏਨੀ ਹਿੰਮਤ ਨਹੀਂ ਆਈ ਕਿ ਇਹ ਗੱਲ ਉਸ ਨੂੰ ਦੱਸ ਸਕਦਾ। ਹਫਤਾ ਹੋਰ ਲੰਘ ਗਿਆ। ਭੋਲੇ ਨੇ ਨਵੀਂ ਕਾਪੀ ਲੈ ਲਈ। ਸਵਾਲ ਹਲ ਕਰਕੇ ਉਹ ਪਹਿਲਾਂ ਵਾਂਗ ਹੀ ਮੈਨੂੰ ਕਾਪੀ ਦੇ ਦਿੰਦਾ ਤੇ ਮੈਂ ਹੂਬਹੂ ਨਕਲ ਕਰਕੇ ਕਾਪੀ ਉਸ ਨੂੰ ਵਾਪਸ ਕਰ ਦਿੰਦਾ। ਉਹ ਜਦੋਂ ਮੈਨੂੰ ਕੋਈ ਸਵਾਲ ਸਮਝਾਉਂਦਾ ਤਾਂ ਮੈਨੂੰ ਆਪਣੇ ਕੀਤੇ ਦਾ ਪਛਤਾਵਾ ਹੋਣ ਲੱਗਦਾ। ਇਸ ਪਛਤਾਵੇ ਦੇ ਭਾਰ ਨੇ ਮੈਨੂੰ ਏਨਾ ਦੱਬ ਲਿਆ ਕਿ ਇਕ ਦਿਨ ਮੈਂ ਆਪਣੀ ਮਾਂ ਨੂੰ ਸਾਰੀ ਗੱਲ ਸੱਚੋ-ਸੱਚ ਦੱਸ ਦਿੱਤੀ ਅਤੇ ਇਹ ਵੀ ਦੱਸਿਆ ਕਿ ਮੈਂ ਅਜਿਹਾ ਕਿਉਂ ਕੀਤਾ ਸੀ। ਮੇਰੀ ਮਾਂ ਨੇ ਸਾਰੀ ਗੱਲ ਧਿਆਨ ਨਾਲ ਸੁਣੀ ਅਤੇ ਨਾਲ ਹੀ ਮੇਰੇ ਕੰਨ ਖਿਚਦਿਆਂ ਗੁੱਸੇ ਵਿੱਚ ਮੈਨੂੰ ਬਹੁਤ ਝਿੜਕਾਂ ਦਿੱਤੀਆਂ। ਉਹ ਮੈਨੂੰ ਕਾਫੀ ਦੇਰ ਤਕ ਸਮਝਾਉਂਦੀ ਰਹੀ ਕਿ ਇਹ ਹਰਕਤ ਜ਼ਿੰਦਗੀ ਵਿੱਚ ਮੁੜ ਕਦੇ ਨਹੀਂ ਕਰਨੀ। ਏਦਾਂ ਦੀਆਂ ਸਿੱਖਿਆਵਾਂ ਦਾ ਮੇਰੇ ਉਤੇ ਪਹਿਲਾਂ ਵੀ ਕਾਫੀ ਪ੍ਰਭਾਵ ਸੀ, ਪਰ ਪਤਾ ਨਹੀਂ ਕਾਪੀ ਬਾਹਰ ਸੁੱਟਣ ਵੇਲੇ ਮੇਰੀ ਸੋਚ ਨੂੰ ਕਿਹੜਾ ਲਕਵਾ ਮਾਰ ਗਿਆ ਸੀ।

ਮੇਰੀ ਮਾਂ ਅਗਲੇ ਦਿਨ ਮੈਨੂੰ ਬਿਨਾਂ ਦੱਸੇ ਸਕੂਲ ਆ ਗਈ। ਮਾਂ ਨੂੰ ਅਚਾਨਕ ਜਮਾਤ ਵਿੱਚ ਆਇਆਂ ਦੇਖ ਕੇ ਮੈਂ ਡਰ ਨਾਲ ਕੰਬਣ ਲੱਗਾ। ਮਾਂ ਨੇ ਭੈਣ ਜੀ ਨੂੰ ਕਾਪੀ ਸਕੂਲ ਦੇ ਕਮਰੇ ਵਿੱਚੋਂ ਬਾਹਰ ਸੁੱਟਣ ਦੀ ਮੇਰੀ ਹਰਕਤ ਬਾਰੇ ਜਾਣਕਾਰੀ ਦਿੰਦਿਆਂ ਮੇਰੀ ਤਰਫੋਂ ਉਨ੍ਹਾਂ ਕੋਲੋਂ ਮੁਆਫੀ ਮੰਗੀ। ਭੈਣ ਜੀ ਨੇ ਮੈਨੂੰ ਆਪਣੇ ਕੋਲ ਸੱਦਿਆ, ਪਿਆਰ ਕੀਤਾ ਤੇ ਅੱਗੇ ਤੋਂ ਅਜਿਹਾ ਕਦੀ ਨਾ ਕਰਨ ਲਈ ਕਿਹਾ। ਇਹ ਸਾਰੀ ਗੱਲ ਮੇਰੀ ਮਾਂ ਤੇ ਭੈਣ ਜੀ ਵਿਚਾਲੇ ਹੀ ਰਹੀ, ਸਕੂਲ ਵਿੱਚ ਕਿਸੇ ਹੋਰ ਨੂੰ ਇਸ ਦੀ ਭਿਣਕ ਵੀ ਨਾ ਪਈ। ਮੈਂ ਬੇਇੱਜ਼ਤ ਹੋਣ ਤੋਂ ਬਚ ਗਿਆ। ਪਤਾ ਹੀ ਨਾ ਲੱਗਿਆ ਕਿ ਕਦੋਂ ਭੈਣ ਜੀ ਬਾਹਰ ਗਏ ਅਤੇ ਘਾਹ ਫੂਸ ਵਿੱਚੋਂ ਕਾਪੀ ਨੂੰ ਚੁੱਕ ਲਿਆਏ। ਉਨ੍ਹਾਂ ਨੇ ਇਸ ਬਾਰੇ ਭੋਲੇ ਨੂੰ ਵੀ ਨਾ ਦੱਸਿਆ, ਪਰ ਇਹ ਸਿੱਖਿਆ ਸਭ ਨੂੰ ਦਿੱਤੀ ਕਿ ਗਲਤੀ ਕਰਕੇ ਮੰਨ ਲੈਣਾ ਕੋਈ ਗਲਤੀ ਨਹੀਂ ਹੁੰਦੀ।

ਸਾਡਾ ਇਹ ਪ੍ਰਾਇਮਰੀ ਸਕੂਲ ਸੀ। ਪੰਜਵੀਂ ਜਮਾਤ ਪਾਸ ਕਰਨ ਪਿੱਛੋਂ ਅਸੀਂ ਹਾਈ ਸਕੂਲ ਵਿੱਚ ਦਾਖਲ ਹੋ ਗਏ। ਛੇਵੀਂ ਤੋਂ ਦਸਵੀਂ ਤੱਕ ਮੈਂ ਅਤੇ ਭੋਲਾ ਇਕੱਠੇ ਪੜ੍ਹੇ, ਖੇਡੇ ਅਤੇ ਇਕੱਠੇ ਸਕੂਲ ਗਏ, ਪਰ ਮਨ ਦੀ ਇਹ ਗੱਲ ਸਦਾ ਉਸ ਤੋਂ ਲੁਕੋਈ ਰੱਖੀ। ਉਸ ਨੂੰ ਦੱਸਣ ਦਾ ਕਦੀ ਹੌਸਲਾ ਹੀ ਨਾ ਪਿਆ। ਕੋਈ ਝਿਜਕ ਸਦਾ ਹੀ ਮੈਨੂੰ ਇਹ ਗੱਲ ਦੱਸਣ ਤੋਂ ਰੋਕਦੀ ਰਹੀ। ਪਹਿਲਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਹੁੰਦਾ ਸੀ, ਪਰ ਹੁਣ ਇਹ ਪਛਤਾਵਾ ਪਰਛਾਵੇਂ ਵਾਂਗ ਮੇਰੇ ਨਾਲ ਚੱਲਿਆ ਜਾ ਰਿਹਾ ਹੈ। ਇਸ ਗੱਲ ਨੂੰ ਹੁਣ ਪੰਜਾਹ ਵਰ੍ਹੇ ਤੋਂ ਉਪਰ ਸਮਾਂ ਬੀਤ ਗਿਆ ਹੈ। ਭੋਲਾ ਵੀ ਪਤਾ ਨਹੀਂ ਕਿੱਥੇ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਹੁਣ ਮੇਰੇ ਵਿੱਚ ਬਹੁਤ ਕੁਝ ਬਦਲ ਗਿਆ ਹੈ। ਬਹੁਤ ਸਾਰੇ ਨਵੇਂ ਅਨੁਭਵ ਹੋ ਗਏ ਹਨ। ਜ਼ਿੰਦਗੀ ਨੂੰ ਜੀਣ ਦੀਆਂ ਕਈ ਸੇਧਾਂ ਮਿਲ ਗਈਆਂ, ਪਰ ਬਚਪਨ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਇਹ ਪਛਤਾਵਾ ਵੀ ਉਸੇ ਤਰ੍ਹਾਂ ਦਿਮਾਗ ਦੀ ਕਿਸੇ ਨੁੱਕਰੇ ਪਿਆ ਹੋਇਆ ਹੈ।

# ਮਿੰਨੀ ਕਹਾਣੀ

## ਅਣਖ

-ਭੀਮ ਸਿੰਘ ਗਰਚਾ

ਮੁੰਡੇ ਨੇ ਕਾਲਜ ਨੂੰ ਜਾ ਰਹੀ ਕੁੜੀ ਦੇ ਸਾਈਕਲ ਦਾ ਹੈਂਡਲ ਫੜ ਕੇ ਉਸ ਨੂੰ ਇਕੋ ਝਟਕੇ ਨਾਲ ਰੋਕ ਲਿਆ ਤੇ ਫਿਰ ਉਹ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾਉਂਦਾ ਹੋਇਆ ਝੱਟ ਬੋਲਿਆ, “ਸੋਹਣੀਏ, ਮੇਰੇ ਨਾਲ ਯਾਰੀ ਲਾ ਕੇ ਵੇਖ, ਮੌਜਾਂ ਕਰੇਂਗੀ ਮੌਜਾਂ। ਮੈਂ ਕੋਈ ਮਾਮੂਲੀ ਘਰ ਦਾ ਲੜਕਾ ਨਹੀਂ, ਬਹੁਤ ਹੀ ਅਮੀਰ ਅਤੇ ਅਣਖੀ ਪਿਓ ਦਾ ਪੁੱਤ ਹਾਂ। ਆਪਣੇ ਪਿਓ ਵਾਂਗ ਅਣਖ ਦੀ ਖਾਤਰ ਤਾਂ ਮੈਂ ਵੀ ਮਿੰਟਾਂ ਵਿੱਚ ਹੀ ਮਰਨ ਮਾਰਨ ਲਈ ਤਿਆਰ ਹੋ ਜਾਨੈਂ।”

ਕੁੜੀ ਉਸ ਦੇ ਚਿਹਰੇ ਵੱਲ ਗਹੁ ਨਾਲ ਵੇਖਦੀ ਹੋਈ ਇਕਦਮ ਬੋਲੀ, “ਤੇਰਾ ਮੁਹਾਂਦਰਾ ਮੇਰੇ ਨਾਲ ਪੜ੍ਹ ਰਹੀ ਧਰਮਗੜ੍ਹ ਵਾਲੀ ਪੰਮੀ ਨਾਲ ਮਿਲਦੈ। ਮੈਨੂੰ ਤਾਂ ਤੂੰ ਉਸ ਦਾ ਭਰਾ ਹੀ ਲਗਦੈਂ।”

“ਹਾਂ, ਮੈਂ ਉਸ ਦੀ ਭਰਾ ਹਾਂ।” ਮੁੰਡੇ ਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲ ਗਿਆ।

ਹੁਣ ਕੁੜੀ ਬੜੀ ਦਲੇਰੀ ਭਰੇ ਲਹਿਜੇ ਵਿੱਚ ਬੋਲੀ, “ਤੇਰੀ ਭੈਣ ਪੰਮੀ ਨੇ ਹੱਦ ਹੀ ਕਰ ਦਿੱਤੀ ਐ। ਇੱਕ ਮੁੰਡੇ ਨਾਲ ਪਿਆਰ ਪਾ ਕੇ ਉਹ ਉਸ ਨਾਲ ਬਹੁਤ ਚਿਰ ਨਹੀਂ ਨਿਭਾਉਂਦੀ,ਝੱਟ ਦੂਜੇ ਦੀਆਂ ਬਾਹਾਂ ਵਿੱਚ ਚਲੇ ਜਾਂਦੀ ਐ। ਉਸ ਦੀ ਕਾਲਜ ਵਿੱਚ ਏਨੀ ਬਦਨਾਮੀ ਹੋ ਚੁੱਕੀਐ ਕਿ ਕਾਲਜ ਦੀ ਕੋਈ ਕੁੜੀ ਉਸ ਨਾਲ ਗੱਲ ਕਰ ਕੇ ਰਾਜ਼ੀ ਨਹੀਂ।”

ਕੁਝ ਚਿਰ ਰੁਕਦੀ ਹੋਈ ਉਹ ਫਿਰ ਬੋਲੀ, “ਮੈਂ ਹੈਰਾਨ ਹਾਂ ਕਿ ਤੇਰੇ ਵਰਗੇ ਅਣਖੀ ਭਰਾ ਦੀ ਭੈਣ ਹੋ ਕੇ ਵੀ ਹੁਣ ਤੱਕ ਉਹ ਆਪ ਅਣਖ ਨਾਲ ਜਿਊਣਾ ਕਿਉਂ ਨਹੀਂ ਸਿਖ ਸਕੀ?"

ਹੁਣ ਉਹ ਮੁੰਡਾ ਉਥੋਂ ਭੱਜਣ ਲਈ ਕੋਈ ਨਾ ਕੋਈ ਬਹਾਨਾ ਲੱਭ ਰਿਹਾ ਸੀ।

# ਹਲਕਾ ਫੁਲਕਾ

ਇੱਕ ਵਿਦਿਆਰਥੀ, “ਮੈਨੂੰ ਚੋਰੀ ਦਾ ਟਿਫਿਨ ਖਾਣ 'ਚ ਬੜਾ ਮਜ਼ਾ ਆਉਂਦਾ ਹੈ।”

ਦੂਸਰਾ, “ਮੈਨੂੰ ਵੀ ਅਜਿਹਾ ਕਰਨਾ ਚੰਗਾ ਲੱਗਦਾ ਹੈ, ਪਰ ਅੱਜ ਕਿਸੇ ਨੇ ਮੇਰੇ ਹੀ ਟਿਫਿਨ 'ਤੇ ਹੱਥ ਸਾਫ ਕਰ ਕੇ ਮੇਰੇ ਸਾਰੇ ਲੱਡੂ ਖਾ ਲਏ।”

ਪਹਿਲਾ, “ਅੱਛਾ, ਉਹ ਨੀਲੇ ਰੰਗ ਦਾ ਟਿਫਿਨ ਤੇਰਾ ਸੀ?”

********

ਸੋਨੂੰ, “ਪਾਪਾ, ਪਾਪਾ ਮੈਂ ਸਵੇਰ ਤੋਂ ਪੜ੍ਹ ਰਿਹਾ ਹਾਂ।”

ਪਾਪਾ, “ਸ਼ਾਬਾਸ਼ ਬੇਟਾ, ਦੱਸੋ ਭਲਾ ਕੀ-ਕੀ ਪੜ੍ਹਿਆ?”

ਸੋਨੂੰ, “ਤਿੰਨ ਕਾਰਟੂਨ ਸਟੋਰੀਜ਼।”

********

ਡਾਕਟਰ (ਮਰੀਜ਼ ਨੂੰ), “ਤੁਸੀਂ ਇਸ ਦੁਨੀਆ 'ਚ ਬੱਸ ਸਿਰਫ ਦੋ-ਚਾਰ ਘੰਟੇ ਦੇ ਮਹਿਮਾਨ ਹੋ। ਕੀ ਤੁਸੀਂ ਮਰਨ ਤੋਂ ਪਹਿਲਾਂ ਕਿਸੇ ਨੂੰ ਦੇਖਣਾ ਚਾਹੁੰਦੇ ਹੋ?”

ਮਰੀਜ਼, “ਜੀ ਹਾਂ।”

ਡਾਕਟਰ, “ਕਿਸ ਨੂੰ?”


ਮਰੀਜ਼, “ਇੱਕ ਚੰਗੇ ਡਾਕਟਰ ਨੂੰ ਮਿਲਣਾ ਚਾਹੁੰਦਾ ਹਾਂ।”

********

ਇੱਕ ਕੁੜੀ ਦਾ ਵਿਆਹ ਹੋ ਰਿਹਾ ਸੀ। ਜਦੋਂ ਕੁੜੀ ਵੱਲੋਂ ਫੇਰੇ ਲੈਣ ਦੀ ਵਾਰੀ ਆਉਂਦੀ ਤਾਂ ਮੁੰਡਾ ਤੇਜ਼ੀ ਨਾਲ ਉਸ ਦੇ ਅੱਗੇ ਨਿਕਲ ਜਾਂਦਾ। ਵਾਰ-ਵਾਰ ਅਜਿਹਾ ਕਰਦੇ ਰਹਿਣ ਨਾਲ ਕੁੜੀ ਦੇ ਪਿਤਾ ਕਹਿਣ ਲੱਗੇ, “ਇਹ ਵਿਆਹ ਨਹੀਂ ਹੋ ਸਕਦਾ।”

ਮੁੰਡੇ ਦੇ ਚਾਚੇ ਨੇ ਉਨ੍ਹਾਂ ਨੂੰ ਸਮਝਾਇਆ, “ਚਿੰਤਾ ਕਰਨ ਵਾਲੀ ਗੱਲ ਨਹੀਂ ਹੈ। ਅਸਲ ਵਿੱਚ ਮੁੰਡਾ ਟਰੱਕ ਡਰਾਈਵਰ ਹੈ। ਇਸ ਲਈ ਇਸ ਨੂੰ ਓਵਰਟੇਕ ਕਰਨ ਦੀ ਆਦਤ ਹੈ।”

# ‘ਰਾਜਾ ਮਰ ਗਿਆ, ਰਾਜਾ ਜ਼ਿੰਦਾਬਾਦ’ ਵਾਲੀ ਹਾਲਤ ਬਣੀ ਜਾਂਦੀ ਹੈ ਭਾਰਤੀ ਲੋਕਤੰਤਰ ਦੀ



ਜਤਿੰਦਰ ਪੰਨੂ

ਇਹ ਗੱਲ ਅਸੀਂ ਸੁਣੀ ਹੋਈ ਹੈ ਕਿ 1422 ਵਿੱਚ ਜਦੋਂ ਫਰਾਂਸ ਵਿੱਚ ਬਾਦਸ਼ਾਹ ਚਾਰਲਸ-5ਵਾਂ ਮਰਿਆ ਤਾਂ ਇਸ ਦਾ ਐਲਾਨ ਕਰਨ ਵਾਲੇ ਬੰਦੇ ਨੇ ਦੋ ਗੱਲਾਂ ਏਦਾਂ ਕਹੀਆਂ ਸਨ, ‘ਰਾਜਾ ਮਰ ਗਿਆ, ਰਾਜਾ ਜ਼ਿੰਦਾਬਾਦ’। ਇਹ ਗੱਲ ਕਹਿਣ ਦਾ ਭਾਵ ਸੀ ਕਿ ਕੱਲ੍ਹ ਤੱਕ ਜਿਹੜਾ ਰਾਜਾ ਰਾਜ ਕਰਦਾ ਸੀ, ਉਹ ਤਾਂ ਮਰ ਗਿਆ, ਪਰ ਨਵਾਂ ਰਾਜਾ ਬਣ ਗਿਆ ਹੈ, ਉਸ ਦੀ ਜ਼ਿੰਦਾਬਾਦ ਕਰਨ ਨੂੰ ਤਿਆਰ ਹੋ ਜਾਓ। ਬਾਅਦ ਵਿੱਚ ਇਹ ਨਾਅਰਾ ਕਈ ਰਾਜਿਆਂ ਦੇ ਵਕਤ ਲੱਗਦਾ ਰਿਹਾ ਤੇ ਫਿਰ ਦੂਸਰੀ ਸੰਸਾਰ ਜੰਗ ਦਾ ਅੰਤਲਾ ਪੜਾਅ ਆ ਗਿਆ। ਪਹਿਲੀ ਸੰਸਾਰ ਜੰਗ ਪਿੱਛੋਂ ਲੀਗ ਆਫ ਨੇਸ਼ਨਜ਼ ਨਾਂਅ ਦੀ ਜਥੇਬੰਦੀ ਬਣਾਈ ਗਈ ਸੀ, ਜਿਹੜੀ ਕਿਸੇ ਹੋਰ ਵੱਡੀ ਜੰਗ ਨੂੰ ਲੱਗਣ ਤੋਂ ਰੋਕਣ ਦਾ ਫਰਜ਼ ਨਿਭਾਉਣ ਵਿੱਚ ਅਸਫਲ ਰਹੀ ਸੀ ਤੇ ਜਦੋਂ ਦੂਸਰੀ ਸੰਸਾਰ ਜੰਗ ਮੁੱਕੀ ਤਾਂ ਲੀਗ ਆਫ ਨੇਸ਼ਨਜ਼ ਤੋੜ ਕੇ ਇਸ ਦੀ ਥਾਂ ਯੁਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ ਐੱਨ ਓ) ਕਾਇਮ ਕੀਤੀ ਗਈ ਸੀ। ਇਸ ਦੇ ਬਾਅਦ ਲੀਗ ਆਫ ਨੇਸ਼ਨਜ਼ ਬਣਾਉਣ ਵਾਲਿਆਂ ਵਿੱਚੋਂ ਇੱਕ ਵਿਦਵਾਨ ਰਾਬਰਟ ਸੇਸਿਲ ਨੂੰ ਜਦੋਂ ਇਸ ਤਬਦੀਲੀ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਇਹੋ ਗੱਲ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਕਹੀ ਸੀ: ‘ਲੀਗ ਆਫ ਨੇਸ਼ਨਜ਼ ਇਜ਼ ਡੈੱਡ, ਲੌਂਗ ਲਿਵ ਯੁਨਾਈਟਿਡ ਨੇਸ਼ਨਜ਼’, ਜਿਸ ਦਾ ਮਤਲਬ ਇਹ ਸੀ ਕਿ ਲੀਗ ਆਫ ਨੇਸ਼ਨਜ਼ ਤਾਂ ਮਰ ਗਈ, ਅੱਗੋਂ ਲਈ ਯੁਨਾਈਟਿਡ ਨੇਸ਼ਨਜ਼ ਜ਼ਿੰਦਾਬਾਦ। ਇਹੋ ਜਿਹੀ ਗੱਲ ਅੱਜ ਭਾਰਤੀ ਲੋਕਤੰਤਰ ਦੇ ਬਾਰੇ ਵੀ ਕਹਿਣ ਨੂੰ ਕਿਸੇ ਦਾ ਜੀਅ ਕਰ ਸਕਦਾ ਹੈ ਤੇ ਇਸ ਵਿੱਚ ਕਿਸੇ ਹੋਰ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਅਸੀਂ ਪਿਛਲੇ ਮਹੀਨੇ ਮਹਾਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਂਦੀਆਂ ਤੇ ਨਤੀਜੇ ਨਿਕਲਦੇ ਵੇਖੇ ਤਾਂ ਉਸ ਦੇ ਬਾਅਦ ਸਰਕਾਰ ਬਣਾਉਣ ਲਈ ਚੋਣ-ਗੱਠਜੋੜ ਦੀਆਂ ਦੋ ਧਿਰਾਂ ਭਾਜਪਾ ਤੇ ਸ਼ਿਵ ਸੈਨਾ ਵਾਲਿਆਂ ਨੂੰ ਲੜਦੇ ਵੀ ਵੇਖਿਆ ਸੀ। ਦੋਵਾਂ ਵਿਚਾਲੇ ਲੜਾਈ ਰਾਜਨੀਤਕ ਮੁੱਦਿਆਂ ਜਾਂ ਸਿਧਾਂਤਕ ਸਵਾਲਾਂ ਬਾਰੇ ਨਹੀਂ, ਸਗੋਂ ਇਸ ਗੱਲ ਬਾਰੇ ਸੀ ਕਿ ਮੁੱਖ ਮੰਤਰੀ ਕਿਸ ਦਾ ਹੋਵੇ ਅਤੇ ਅੰਤ ਵਿੱਚ ਗੱਲ ਟੁੱਟਣ ਨਾਲ ਵੱਖੋ-ਵੱਖ ਰਾਹੇ ਪੈ ਗਏ ਸਨ। ਜਦੋਂ ਇਨ੍ਹਾਂ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾ ਹੋ ਸਕੀ ਤਾਂ ਸ਼ਿਵ ਸੈਨਾ ਨੇ ਕਾਂਗਰਸ ਅਤੇ ਐੱਨ ਸੀ ਪੀ ਦੇ ਮੁਖੀ ਸ਼ਰਦ ਪਵਾਰ ਨਾਲ ਗੱਠਜੋੜ ਕਰ ਕੇ ਸਾਂਝੀ ਸਰਕਾਰ ਬਣਾਉਣ ਦੀ ਕੋਸ਼ਿਸ਼ ਆਰੰਭ ਕੀਤੀ। ਕਈ ਦਿਨ ਇਸ ਬਾਰੇ ਗੱਲਬਾਤ ਹੁੰਦੀ ਰਹੀ ਤੇ ਸ਼ੁੱਕਰਵਾਰ ਸ਼ਾਮ ਜਦੋਂ ਸਾਰਾ ਕੁਝ ਤੈਅ ਹੋ ਗਿਆ ਕਿ ਸਰਕਾਰ ਦੀ ਅਗਵਾਈ ਸ਼ਿਵ ਸੈਨਾ ਦਾ ਪ੍ਰਧਾਨ ਊਧਵ ਠਾਕਰੇ ਕਰੇਗਾ ਤੇ ਉਸ ਦੇ ਨਾਲ ਸਹਿਯੋਗੀ ਧਿਰਾਂ ਵਜੋਂ ਕਾਂਗਰਸ ਅਤੇ ਸ਼ਿਵ ਸੈਨਾ ਵਾਲੇ ਮੰਤਰੀ ਜੋੜੇ ਜਾਣਗੇ ਤਾਂ ਰਾਤੋ-ਰਾਤ ਸਾਰੀ ਬਾਜ਼ੀ ਪਲਟ ਕੇ ਭਾਜਪਾ ਨੇ ਆਪਣੀ ਸਰਕਾਰ ਦੋਬਾਰਾ ਬਣਾ ਲਈ। ਬਹੁਤ ਸਾਰੇ ਲੋਕ ਇਸ ਨਾਲ ਹੈਰਾਨ ਹੋ ਗਏ ਕਿ ਏਦਾਂ ਰਾਜ-ਪਲਟੇ ਵਰਗੀ ਚਾਲਾਕੀ ਭਾਜਪਾ ਵਾਲਿਆਂ ਨੇ ਕਿਵੇਂ ਕੀਤੀ, ਪਰ ਅਸੀਂ ਇਸ ਨਾਲ ਹੈਰਾਨ ਨਹੀਂ ਹੋਏ। ਇੱਕ ਦਿਨ ਪਹਿਲਾਂ ਜਦੋਂ ਸਾਰੇ ਮੀਡੀਏ ਨੇ ਇਹ ਖਬਰ ਦਿੱਤੀ ਕਿ ਸਾਂਝੇ ਮੋਰਚੇ ਦੀ ਸਰਕਾਰ ਬਣ ਜਾਣੀ ਹੈ, ਅਸੀਂ ਇਕੱਲੇ ਇਹ ਕਹਿਣ ਵਾਲੇ ਸਾਂ ਕਿ ਇਸ ਖੇਡ ਨੂੰ ਪਲਟ ਕੇ ਭਾਜਪਾ ਆਪਣੀ ਸਰਕਾਰ ਬਣਾ ਸਕਦੀ ਹੈ ਤੇ ਤਰੀਕਾ ਇਹੋ ਹੋਵੇਗਾ ਕਿ ਮੋਰਚੇ ਦੀਆਂ ਧਿਰਾਂ: ਸ਼ਿਵ ਸੈਨਾ, ਕਾਂਗਰਸ ਅਤੇ ਐੱਨ ਸੀ ਪੀ ਦੇ ਵਿਧਾਇਕ ਟੁੱਟ ਕੇ ਭਾਜਪਾ ਨਾਲ ਜਾ ਜੁੜਨਗੇ। ਹੋਇਆ ਵੀ ਇਹੋ ਹੈ। ਸ਼ਰਦ ਪਵਾਰ ਦਾ ਸਕਾ ਭਤੀਜਾ ਅਤੇ ਮਹਾਰਾਸ਼ਟਰ ਵਿੱਚ ਕਾਂਗਰਸ ਨਾਲ ਸਾਂਝੀ ਸਰਕਾਰ ਵੇਲੇ ਡਿਪਟੀ ਮੁੱਖ ਮੰਤਰੀ ਰਹਿ ਚੁੱਕਾ ਅਜੀਤ ਪਵਾਰ



ਰਾਤੋ-ਰਾਤ ਆਪਣੇ ਨਾਲ ਬਾਈ ਵਿਧਾਇਕ ਲੈ ਕੇ ਭਾਜਪਾ ਨਾਲ ਜਾ ਜੁੜਿਆ ਅਤੇ ਸ਼ਨੀਵਾਰ ਸਵੇਰਾ ਹੋਣ ਤੱਕ ਭਾਜਪਾ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਨਾਲ ਡਿਪਟੀ ਮੁੱਖ ਮੰਤਰੀ ਜਾ ਬਣਿਆ ਹੈ।

ਸਾਡੇ ਕਿਆਫੇ ਦੇ ਪਿੱਛੇ ਕੁਝ ਕਾਰਨ ਸਨ। ਪਹਿਲਾ ਤਾਂ ਮਹਾਰਾਸ਼ਟਰ ਦੀਆਂ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵਾਪਰਿਆ ਘਟਨਾ ਕਰਮ ਸੀ। ਤੇਈ ਅਕਤੂਬਰ ਨੂੰ ਵੋਟਾਂ ਪੈਣੀਆਂ ਸਨ, ਉੱਨੀ ਨੂੰ ਚੋਣ ਪ੍ਰਚਾਰ ਬੰਦ ਕਰਨਾ ਸੀ, ਪਰ ਉਸ ਤੋਂ ਦੋ ਦਿਨ ਪਹਿਲਾਂ ਐੱਨ ਸੀ ਪੀ ਵਿੱਚ ਸ਼ਰਦ ਪਵਾਰ ਤੋਂ ਦੂਸਰੇ ਨੰਬਰ ਦਾ ਆਗੂ ਗਿਣਿਆ ਜਾਂਦਾ ਪ੍ਰਫੁੱਲ ਪਟੇਲ ਅਚਾਨਕ ਇਨਫੋਰਸਮੈਂਟ ਡਾਇਰੈਕਟੋਰੇਟ ਵਾਲਿਆਂ ਨੇ ਸੱਦ ਕੇ ਪੁੱਛਗਿੱਛ ਆਰੰਭ ਕਰ ਦਿੱਤੀ ਸੀ। ਇਸ ਦਾ ਅਰਥ ਇਹ ਸੀ ਕਿ ਉਸ ਨੂੰ ਸਭ ਤੋਂ ਵੱਧ ਅਹਿਮ ਆਖਰੀ ਦੋ ਦਿਨ ਚੋਣ ਪ੍ਰਚਾਰ ਨਹੀਂ ਕਰਨ ਦੇਣਾ। ਭਾਜਪਾ ਦੀ ਚਾਲ ਇਸ ਤੋਂ ਦਿੱਸ ਪਈ ਸੀ ਕਿ ਉਹ ਕਰਨਾਟਕਾ ਵਾਂਗ ਖਿਲਾਰਾ ਪੈਣ ਤੋਂ ਪਹਿਲਾਂ ਹਰ ਹਾਲਤ ਮਹਾਰਾਸ਼ਟਰ ਵਿੱਚ ਸਰਕਾਰ ਦੀ ਕਮਾਨ ਸਾਂਭਣ ਲਈ ਹਰ ਹੱਦ ਤੱਕ ਜਾ ਸਕਦੀ ਹੈ। ਉਹ ਹੱਦ ਏਥੋਂ ਤੱਕ ਵੀ ਜਾ ਸਕਦੀ ਸੀ, ਜਿੱਥੋਂ ਤੱਕ ਪਹੁੰਚ ਗਈ ਹੈ। ਦੂਸਰਾ ਮਾਮਲਾ ਸ਼ਰਦ ਪਵਾਰ ਦੇ ਆਪਣੇ ਭਤੀਜੇ ਅਜੀਤ ਪਵਾਰ ਦਾ ਸੀ। ਉਹ ਪਹਿਲਾਂ ਕਾਂਗਰਸੀ ਮੁੱਖ ਮੰਤਰੀ ਦੇ ਨਾਲ ਡਿਪਟੀ ਮੁੱਖ ਮੰਤਰੀ ਰਹਿ ਚੁੱਕਾ ਸੀ ਤੇ ਓਦੋਂ ਕੀਤੇ ਇੱਕ ਵੱਡੇ ਸਿੰਜਾਈ ਘੋਟਾਲੇ ਦਾ ਦਾਗੀ ਸੀ। ਬਹੁਤੇ ਲੋਕ ਨਹੀਂ ਸੀ ਜਾਣਦੇ ਕਿ ਉਸੇ ਰਾਜ ਵਿੱਚ ਇੱਕ ਕੋਆਪਰੇਟਿਵ ਬੈਂਕ ਦਾ ਘੋਟਾਲਾ ਵੀ ਹੋਇਆ ਸੀ ਅਤੇ ਪੰਝੀ ਹਜ਼ਾਰ ਕਰੋੜ ਦੇ ਉਸ ਘੋਟਾਲੇ ਵਿੱਚ ਅਜੀਤ ਪਵਾਰ ਦੇ ਨਾਲ ਸ਼ਰਦ ਪਵਾਰ ਦਾ ਨਾਂਅ ਵੀ ਆਉਂਦਾ ਸੀ। ਚੱਲਦੀ ਚੋਣ ਮੁਹਿੰਮ ਦੇ ਦੌਰਾਨ ਇੱਕ ਦਿਨ ਅਚਾਨਕ ਇਨਫੋਰਸਮੈਂਟ ਵਾਲਿਆਂ ਨੇ ਜਾਂਚ ਕਰਨ ਦੇ ਨਾਂਅ ਉੱਤੇ ਅਜੀਤ ਪਵਾਰ ਨੂੰ ਘੇਰ ਲਿਆ ਤੇ ਘੇਰਿਆ ਇਸ ਤਰ੍ਹਾਂ ਕਿ ਉਹ ਪ੍ਰੈੱਸ ਵਾਲਿਆਂ ਸਾਹਮਣੇ ਰੋਂਦਾ ਹੋਇਆ ਇਹ ਕਹਿਣ ਲੱਗ ਪਿਆ ਸੀ ਕਿ ਮੈਨੂੰ ਸਿਆਸਤ ਦੇ ਕਾਰਨ ਤੰਗ ਕੀਤਾ ਜਾ ਰਿਹਾ ਹੈ, ਮੈਂ ਸਿਆਸਤ ਤੋਂ ਸੰਨਿਆਸ ਹੀ ਲੈ ਲੈਣਾ ਹੈ। ਫਿਰ ਉਹ ਚੋਣਾਂ ਲਈ ਕਿਸੇ ਪਾਸੇ ਪ੍ਰਚਾਰ ਵੀ ਕਰਨ ਨਹੀਂ ਸੀ ਜਾਂਦਾ, ਪਰ ਚੋਣਾਂ ਪਿੱਛੋਂ ਜਦੋਂ ਕਾਂਗਰਸ ਅਤੇ ਐੱਨ ਸੀ ਪੀ ਵੱਲੋਂ ਸ਼ਿਵ ਸੈਨਾ ਨਾਲ ਸਾਂਝੀ ਸਰਕਾਰ ਦੀ ਗੱਲ ਚੱਲੀ ਤਾਂ ਹਰ ਬੈਠਕ ਵਿੱਚ ਵੇਖਿਆ ਜਾਣ ਲੱਗਾ ਸੀ। ਇਹੋ ਨਹੀਂ, ਉਹ ਹਰ ਬੈਠਕ ਦੇ ਬਾਅਦ ਇਸ ਤਰ੍ਹਾਂ ਦੇ ਹਾਸੇ-ਠੱਠੇ ਦੇ ਰੌਂਅ ਵਿੱਚ ਬੋਲਦਾ ਹੁੰਦਾ ਸੀ ਕਿ ਉਸ ਵਿੱਚੋਂ ਕਿਸੇ ਗੁੱਝੀ ਚਾਲ ਦੀ ਬੋਅ ਆਉਂਦੀ ਸੀ। ਉਸ ਬੋਅ ਵਿਚਲੀ ਰਮਜ਼ ਭਾਜਪਾ ਲੀਡਰਾਂ ਦੇ ਇਸ ਦਾਅਵੇ ਤੋਂ ਸਮਝ ਆਉਂਦੀ ਸੀ ਕਿ ਜਿਸ ਨੇ ਬੈਠਕਾਂ ਕਰਨੀਆਂ ਹਨ, ਕਰਦੇ ਰਹਿਣ, ਸਰਕਾਰ ਅਸੀਂ ਹੀ ਬਣਾਉਣੀ ਹੈ। ਅਸਲ ਵਿੱਚ ਉਹ ਪਹਿਲਾਂ ਹੀ ਸ਼ਰਦ ਪਵਾਰ ਦੇ ਇਸ ਭ੍ਰਿਸ਼ਟਾਚਾਰੀ ਭਤੀਜੇ ਨੂੰ ਆਪਣੇ ਹੱਥਾਂ ਵਿੱਚ ਲੈ ਚੁੱਕੇ ਸਨ।

ਆਪਾਂ ਫਿਰ ਇੱਕ ਵਾਰ ਓਸੇ ਨਾਅਰੇ ‘ਰਾਜਾ ਮਰ ਗਿਆ, ਰਾਜਾ ਜ਼ਿੰਦਾਬਾਦ’ ਵੱਲ ਆਈਏ। ਇੱਕ ਵਾਰੀ ਭਾਜਪਾ ਨੇ ਉੱਤਰ ਪ੍ਰਦੇਸ਼ ਵਿੱਚ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾਈ ਸੀ ਤੇ ਜਦੋਂ ਨਿਭ ਨਾ ਸਕੀ ਤਾਂ ਮਾਇਆਵਤੀ ਸਰਕਾਰ ਦਾ ਤਖਤ ਪਲਟ ਕੇ ਆਪਣੀ ਸਰਕਾਰ ਬਣਾਈ ਸੀ। ਓਦੋਂ ਭਾਜਪਾ ਕੋਲ ਬਹੁ-ਸੰਮਤੀ ਜੋਗੇ ਵਿਧਾਇਕ ਨਹੀਂ ਸਨ। ਭਾਜਪਾ ਨੇ ਓਦੋਂ ਦੂਸਰੀਆਂ ਪਾਰਟੀਆਂ ਵਿੱਚ ਕੁੰਡੀ ਪਾ ਕੇ ਉਨ੍ਹਾਂ ਦੇ ਬੰਦੇ ਆਪਣੇ ਵੱਲ ਖਿੱਚੇ ਤੇ ਫਿਰ ਬਸਪਾ ਤੋਂ ਖਿੱਚੇ ਵਿਧਾਇਕਾਂ ਦੀ ਇੱਕ ‘ਲੋਕਤਾਂਤਰਿਕ ਬਸਪਾ’ ਅਤੇ ਕਾਂਗਰਸ ਵਿੱਚੋਂ ਕੁੰਡੀ ਨਾਲ ਖਿੱਚੇ ਵਿਧਾਇਕਾਂ ਦੀ ‘ਲੋਕਤੰਤਰਿਕ ਕਾਂਗਰਸ’ ਅਤੇ ਕੁਝ ਹੋਰ ਏਦਾਂ ਦੇ ਡੰਗ-ਟਪਾਊ ‘ਲੋਕਤਾਂਤਰਿਕ’ ਧੜੇ ਬਣਾ ਕੇ ਵਕਤ ਸਾਰ ਲਿਆ ਸੀ। ਏਦਾਂ ਦੇ ਮਦਾਰੀ ਵਾਲੇ ਕਰਤੱਵ ਵਿਖਾਉਣ ਵਿੱਚ ਭਾਜਪਾ ਦੇ ਆਗੂ ਬਹੁਤ ਮਾਹਰ ਹਨ। ਉਹ ਇੱਕ ਪਾਸੇ ਕਿਸੇ ਰਾਜ ਦੇ ਲੋਕਤੰਤਰ ਦਾ ਬਸਤਾ ਸਮੇਟਦੇ ਤੇ ਦੂਸਰੇ ਪਾਸੇ ਓਸੇ ਰਾਜ ਵਿੱਚ ਇੱਕ ਨਵੀਂ ‘ਲੋਕਤਾਂਤਰਿਕ’ ਧਿਰ ਖੜੀ ਕਰਨ ਪਿੱਛੋਂ ਨਾਅਰਾ ਲਾ ਦੇਂਦੇ ਹਨ ਕਿ ਲੋਕਤੰਤਰ ਜ਼ਿੰਦਾ ਹੈ। ਇਸ ਵਾਰੀ ਇਹੋ ਖੇਡ ਮਹਾਂਰਾਸ਼ਟਰ ਵਿੱਚ ਖੇਡੀ ਜਾ ਰਹੀ ਹੈ। ਜਿਵੇਂ ਰਾਜਾ ਮਰ ਗਿਆ ਅਤੇ ਰਾਜਾ ਜ਼ਿੰਦਾਬਾਦ ਦਾ ਮਤਲਬ ਹੈ ਕਿ ਰਾਜਾ ਹੀ ਮਰਿਆ ਹੈ, ਨਵੀਂ ਸ਼ਕਲ-ਸੂਰਤ ਵਾਲਾ ਰਾਜਾ ਮਿਲ ਗਿਆ ਹੈ ਅਤੇ ਜਿਵੇਂ ਕਦੀ ਲੀਗ ਆਫ ਨੇਸ਼ਨਜ਼ ਮਰ ਗਈ ਅਤੇ ਲੀਗ ਦੇ ਨਵੇਂ ਰੂਪ ਵਿੱਚ ਯੂ ਐੱਨ ਓ ਪੈਦਾ ਹੋਈ ਸੀ, ਏਦਾਂ ਹੀ ਭਾਰਤੀ ਲੋਕਾਂ ਨੂੰ ਵੀ ਲੋਕਤੰਤਰ ਮਰ ਗਿਆ ਮੰਨਣ ਦੀ ਥਾਂ ਨਵੀਂ ਕਿਸਮ ਦਾ ਲੋਕਤੰਤਰ ਉੱਭਰਦਾ ਮਹਿਸੂਸ ਕਰਨਾ ਚਾਹੀਦਾ ਹੈ। ਕਦੇ ਇਹ ਮਹਿਸੂਸ ਹੋ ਸਕਦਾ ਹੈ ਅਤੇ ਕੁਝ ਲੋਕਾਂ ਦੇ ਮਨ ਨੂੰ ਦੁਖੀ ਕਰ ਸਕਦਾ ਹੈ ਕਿ ਭਾਰਤ ਵਿੱਚ ਆਹ ਵੀ ਕੁਝ ਹੋਣਾ ਸੀ, ਪਰ ਸੱਚਾਈ ਤਾਂ ਸੱਚਾਈ ਹੈ ਤੇ ਸੱਚਾਈ ਇਹੋ ਹੈ ਕਿ ‘ਨਵਾਂ ਲੋਕਤੰਤਰ’ ਵਾਰੀ-ਵਾਰੀ ਹਰ ਰਾਜ ਵਿੱਚ ਪੈਦਾ ਹੋਈ ਜਾ ਰਿਹਾ ਹੈ।

# ਟਰੰਪ ਵਿਰੁੱਧ ਮਹਾਂਦੋਸ਼ ਦੇ ਮਾਅਨੇ

-ਦਰਬਾਰਾ ਸਿੰਘ ਕਾਹਲੋਂ-

ਯੂਰਪੀਅਨ ਯੂਰਪੀਨ ਦੇ ਬ੍ਰਿਟੇਨ ਤੋਂ ਵੱਖ ਹੋਣ ਅਤੇ ਦੱਖਣੀ ਅਮਰੀਕਾ ਅੰਦਰ ਵੈਨਜ਼ੁਏਲਾ ਦੇ ਰਾਜਨੀਤਕ ਸੰਕਟ ਦੀਆਂ ਚੁਣੌਤੀਆਂ ਅਜੇ ਨਜਿੱਠੀਆਂ ਨਹੀਂ ਗਈਆਂ, ਉਤੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਦੀ ਪ੍ਰਕਿਰਿਆ ਨੇ ਵਿਸ਼ਵ ਦੀਆਂ ਰਾਜਨੀਤਕ, ਆਰਥਿਕ ਤੇ ਡਿਪਲੋਮੈਟਿਕ ਚੂਲਾਂ ਹਿਲਾ ਦਿੱਤੀਆਂ ਹਨ। ਅਮਰੀਕੀ ਸੰਵਿਧਾਨ ਤੇ ਰਾਜਨੀਤੀ ਅਨੁਸਾਰ ਕਿਸੇ ਵੀ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਪ੍ਰਕਿਰਿਆ ਪੂਰੇ ਰਾਸ਼ਟਰ, ਸਬੰਧਤ ਰਾਜਨੀਤਕ ਪਾਰਟੀ ਅਤੇ ਸੰਵਿਧਾਨਕ ਸੰਸਥਾਵਾਂ ਲਈ ਅਤਿ ਪੀੜਾਜਨਕ, ਸ਼ਰਮਨਾਕ ਅਤੇ ਕਲੰਕ ਭਰੀ ਹੁੰਦੀ ਹੈ।

ਅਮਰੀਕਾ ਦੇ ਪੂਰੇ ਲੋਕਤੰਤਰੀ ਇਤਿਹਾਸ ਵਿੱਚ ਅਜੇ ਤੱਕ ਟਰੰਪ ਤੋਂ ਪਹਿਲਾਂ ਸਿਰਫ ਤਿੰਨ ਰਾਸ਼ਟਰਪਤੀਆਂ ਦੇ ਵਿਰੁੱਧ ਮਹਾਂਦੋਸ਼ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਸੰਵਿਧਾਨ ਅਨੁਸਾਰ ਕਾਰਜ ਪਾਲਿਕਾ, ਵਿਧਾਨ ਪਾਲਿਕਾ ਅਤੇ ਨਿਆਂ ਪਾਲਿਕਾ ਵਿੱਚ ਸ਼ਕਤੀਆਂ ਦੀ ਵੰਡ ਦੇ ਬਾਵਜੂਦ ਲੋਕਾਂ ਵੱਲੋਂ ਹਰ ਚਾਰ ਸਾਲ ਬਾਅਦ ਚੋਣ ਪ੍ਰਕਿਰਿਆ ਰਾਹੀਂ ਸਿੱਧੇ ਤੌਰ 'ਤੇ ਰਾਸ਼ਟਰਪਤੀ ਚੁਣੇ ਜਾਣ ਨਾਲ ਕਾਰਜ ਪਾਲਿਕਾ ਬਹੁਤ ਤਾਕਤਵਰ ਹੈ। ਫਿਰ ਵੀ ਰੋਕ ਅਤੇ ਸੰਤੁਲਨ ਵਿਧੀ ਕਾਰਨ ਇਸ ਨੂੰ ਤਾਨਸ਼ਾਹ ਬਣਨੋਂ ਰੋਕਿਆ ਗਿਆ ਹੈ। ਓਥੇ ਰਾਸ਼ਟਰਪਤੀ ਨੂੰ ਦੇਸ਼ ਧ੍ਰੋਹ, ਰਿਸ਼ਵਤ ਜਾਂ ਹੋਰ ਵੱਡੇ ਅਪਰਾਧਾਂ ਜਾਂ ਕੁਕਰਮਾਂ ਦੇ ਦੋਸ਼ਾਂ ਅਧੀਨ ਮਹਾਂਦੋਸ਼ ਪ੍ਰਕਿਰਿਆ ਰਾਹੀਂ ਆਪਣਾ ਕਾਰਜਕਾਲ ਪੂਰਾ ਕਰਨ ਤੋਂ ਪਹਿਲਾਂ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਇਹ ਸੰਵਿਧਾਨ ਵਿੱਚ ਦਰਜ ਹੈ। ਟਰੰਪ ਜਨਵਰੀ 2017 ਵਿੱਚ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਲਗਾਤਾਰ ਵਿਵਾਦਾਂ ਵਿੱਚ ਘਿਰੇ ਰਹੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਰਾਸ਼ਟਰਪਤੀ ਐਸੀ ਹਮਲਾਵਰ ਮਾਨਸਿਕਤਾ ਵਾਲਾ ਵਿਅਕਤੀ ਹੈ ਕਿ ਪਕਾ ਨਹੀਂ ਕਦੋਂ ਕੀ ਕਹਿ ਦੇਣਾ ਅਤੇ ਕੀ ਕਰ ਦੇਣਾ ਹੈ? ਇਵੇਂ ਹੀ ਕੁਝ ਲੋਕਾਂ ਦਾ ਮੰਨਣਾ ਹੈ ਕਿ ਉਹ ਬਹੁਤ ਸਫ਼ਲ ਤੇ ਪੱਕੇ ਇਰਾਦੇ ਵਾਲਾ ਵਿਅਕਤੀ ਹੈ ਜਿਸ ਨੇ ਜਿਹੜੇ ਚੋਣ ਵਾਅਦੇ ਅਮਰੀਕੀ ਜਨਤਾ ਨਾਲ ਕੀਤੇ, ਉਨ੍ਹਾਂ ਨੂੰ ਪੁਗਾਉਣ ਲਈ ਦਲੇਰਾਨਾ ਢੰਗ ਨਾਲ ਯਤਨ ਕੀਤੇ। ਇਨ੍ਹਾਂ ਵਿੱਚ ਮੁੱਖ ਤੌਰ ਉਤੇ ‘ਅਮਰੀਕਾ ਫਸਟ' ਗ਼ੈਰ-ਕਾਨੂੰਨੀ ਪਰਵਾਸ ਰੋਕਣਾ, ਪੈਰਿਸ ਜਲਵਾਯੂ ਸੰਧੀ ਤੋਂ ਹਟਣਾ, ਈਰਾਨ ਨਾਲ ਐਟਮੀ ਸੰਧੀ ਤੋਂ ਹਟਣਾ, ਉਤਰੀ ਕੋਰੀਆ ਨੂੰ ਐਟਮੀ ਸ਼ਕਤੀ ਬਣਨ ਤੋਂ ਗੱਲਬਾਤ ਰਾਹੀਂ ਰੋਕਣਾ, ਅਮਰੀਕਾ ਵਿਰੋਧੀ ਕੈਨੇਡਾ ਅਤੇ



ਮੈਕਸੀਕੋ ਨਾਲ ਕੀਤੀ ਨਾਫ਼ਟਾ ਸੰਧੀ ਕਰਨਾ, ਮੈਕਸੀਕੋ ਸਰਹੱਦ 'ਤੇ ਸੁਰੱਖਿਆ ਕੰਧ ਉਸਾਰਨਾ, ਓਬਾਮਾ ਕੇਅਰ ਸਿਹਤ ਸਬੰਧੀ ਪ੍ਰੋਗਰਾਮ ਵਾਪਸ ਲੈਣਾ, ਸਿੱਖਿਆ ਖੇਤਰ ਵਿੱਚ ਸੁਧਾਰ ਕਰਨਾ ਆਦਿ ਸ਼ਾਮਲ ਹਨ। ਦੂਜੇ ਪਾਸੇ ਚੀਨ ਅਤੇ ਦੂਸਰੇ ਦੇਸ਼ਾਂ ਤੋਂ ਇੰਪੋਰਟ ਵਸਤਾਂ 'ਤੇ ਭਾਰੀ ਟੈਕਸ ਲਾ ਕੇ ਵਿਸ਼ਵ ਪੱਧਰ 'ਤੇ ਆਰਥਿਤ ਮੰਦੀ ਨੂੰ ਦਸਤਕ ਦੇਣਾ, ਦੇਸ਼ ਅੰਦਰ ਫਿਰਕੂ ਰੰਗ-ਭੇਦ ਉਕਸਾ ਕੇ ਹਿੰਸਕਾ ਮਾਹੌਲ ਪੈਦਾ ਕਰਨਾ, ਅਫ਼ਗਾਨਿਸਤਾਨ ਵਿੱਚੋਂ ਫ਼ੌਜ ਦੀ ਵਾਪਸੀ ਲਈ ਤਾਲਿਬਾਨ ਨਾਲ ਗੱਲਬਾਤ ਕਰਨੀ, ਈਰਾਨ ਨਾਲ ਟਕਰਾਅ ਭਰਿਆ ਮਾਹੌਲ ਪੈਦਾ ਬਣਾਉਣਾ ਟਰੰਪ ਦੇ ਅਤਿ ਨਿੰਦਣ ਯੋਗ ਕਾਰਜ ਹਨ।

ਉਸ ਨੇ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਪ੍ਰਤੀ ਲਗਾਤਾਰ ਹਮਲਾਵਰ ਨੀਤੀ ਅਪਣਾਈ। ਜਨਤਕ ਤੌਰ 'ਤੇ ਪੈਰ-ਪੈਰ 'ਤੇ ਝੂਠ ਬੋਲਣ ਅਤੇ ਲਗਾਤਾਰ ਮੀਡੀਆ ਵਿਰੋਧੀ ਵਤੀਰੇ ਕਾਰਨ ਵੀ ਉਹ ਸੁਰਖੀਆਂ ਵਿੱਚ ਰਿਹਾ ਹੈ, ਜੋ ਅਮਰੀਕਾ ਵਰਗੀ ਮਹਾਂ ਸ਼ਕਤੀ ਦੇ ਰਾਸ਼ਟਰਪਤੀ ਲਈ ਸ਼ੋਭਦਾ ਨਹੀਂ। ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਨੇ ਟਰੰਪ ਵਿਰੁੱਧ ਮਹਾਂਦੋਸ਼ ਚਲਾ ਕੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਗੱਲ ਚਲਾਈ ਸੀ। ਇਸ ਪਾਰਟੀ ਦਾ ਕਾਂਗਰਸ ਦੇ ਹੇਠਲੇ ਪ੍ਰਤੀਨਿਧ ਸਦਨ ਵਿੱਚ ਵੱਡਾ ਬਹੁਮਤ ਹੈ। ਇਸ ਸਮੇਂ 435 ਸੀਟਾਂ ਡੈਮੋਕ੍ਰੇਟਿਕ ਪਾਰਟੀ ਅਤੇ 198 ਰਿਪ-ਬਲਿਕਨ ਪਾਰਟੀ ਕੋਲ ਹਨ। ਸੌ ਮੈਂਬਰੀ ਉਪਰਲੇ ਸਦਨ ਸੈਨੇਟ ਵਿੱਚ ਰਿਪ-ਬਲਿਕਨ ਪਾਰਟੀ ਕੋਲ 53 ਸੀਟਾਂ, ਡੈਮੋਕ੍ਰੇਟਾਂ ਕੋਲ 45 ਅਤੇ 2 ਅਜ਼ਾਦ ਮੈਂਬਰਾਂ ਕੋਲ ਹਨ। ਅਮਰੀਕੀ ਪ੍ਰਤੀਨਿਧ ਸਦਨ ਦੀ ਸਪੀਕਰ ਨੈਂਸੀ ਪੇਲੋਸੀ ਆਪਣੀ ਪਾਰਟੀ ਵੱਲੋਂ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਚਲਾਉਣ ਦੇ ਦਬਾਅ ਤੋਂ ਬਚਦੀ ਰਹੀ ਹੈ। ਉਹ ਸਮਝਦੀ ਸੀ ਕਿ ਇਹ ਪ੍ਰਕਿਰਿਆ ਬਹੁਤ ਪੇਚੀਦਾ, ਪੀੜਾਜਨਕ ਤੇ ਕਲੰਕ ਭਰੀ ਹੁੰਦੀ ਹੈ। ਅਮਰੀਕਾ ਦੇ ਤਿੰਨਾਂ ਰਾਸ਼ਟਰਪਤੀਆਂ ਵਿਰੁੱਧ ਇਹ ਅਮਲ ਵਿੱਚ ਨਹੀਂ ਆ ਸਕੀ ਹੈ।

ਪਹਿਲੀ ਵਾਰ ਸੰਨ 1868 ਵਿੱਚ ਤਤਕਾਲੀ ਅਮਰੀਕੀ ਰਾਸ਼ਟਰਪਤੀ ਐਂਡਰਿਊ ਜਾਹਨਸਨ ਵੱਲੋਂ ਆਪਣੇ ਜੰਗੀ ਸਕੱਤਰ ਐਡਵਿਨ ਸਟੇਂਟਨ ਨੂੰ ਅਹੁਦੇ ਤੋਂ ਡਿਸਮਿਸ ਕਰਨ ਉਤੇ ਮਹਾਂਦੋਸ਼ ਸ਼ੁਰੂ ਕੀਤਾ ਗਿਆ ਸੀ। ਹੇਠਲੇ ਸਦਨ ਨੇ ਬਹੁਮਤ ਨਾਲ ਇਸ ਨੂੰ ਪਾਸ ਕਰ ਦਿੱਤਾ, ਪਰ ਇਸ 'ਤੇ ਅਮਲ ਤਦੇ ਸੰਭਵ ਸੀ, ਜੇ ਸੈਨੇਟ ਦੋ-ਤਿਹਾਈ ਬਹੁਮਤ ਨਾਲ ਇਸ ਨੂੰ ਪਾਸ ਕਰਦੀ। ਤ੍ਰਾਸਦੀ ਇਹ ਰਹੀ ਕਿ ਸੈਨੇਟ ਵਿੱਚ ਰਿਪਬਲਿਕਨਾਂ ਕੋਲ 80 ਪ੍ਰਤੀਸ਼ਤ ਤੋਂ ਵੱਧ ਸੀਟਾਂ ਹੋਣ ਦੇ ਬਾਵਜੂਦ ਉਨ੍ਹਾਂ ਵਿਰੁੱਧ ਮਤਾ ਪਾਸ ਨਾ ਹੋਣ ਕਾਰਨ ਮਹਾਂਦੋਸ਼ ਠੁੱਸ ਹੋ ਗਿਆ। ਸੰਨ 1998 ਵਿੱਚ ਮੋਨਿਕਾ ਲਵਿੰਸਕੀ ਕਾਂਡ ਬਾਰੇ ਉਦੋਂ ਦੇ ਰਾਸ਼ਟਰਪਤੀ ਬਿਲ ਕਲਿੰਟਨ ਵਿਰੁੱਧ ਮਹਾਂਦੋਸ਼ ਸ਼ੁਰੂ ਹੋਇਆ। ਹੇਠਲੇ ਸਦਨ ਵਿੱਚ ਪਾਸ ਹੋਣ ਤੋਂ ਬਾਅਦ ਇਹ ਵੀ ਸੈਨੇਟ ਵਿੱਚ ਪਾਸ ਨਾ ਹੋਣ ਕਰ ਕੇ ਉਹ ਬਚ ਗਏ। ਸੰਨ 1974 ਵਿੱਚ ਰਾਸ਼ਟਰਪਤੀ ਰਿਚਰਡ ਨਿਕਸਨ ਵਿਰੁੱਧ ਵਾਟਰਗੇਟ ਸਕੈਂਡਲ ਬਾਰੇ ਮਹਾਂਦੋਸ਼ ਸ਼ੁਰੂ ਕੀਤਾ ਗਿਆ, ਪਰ ਹੇਠਲੇ ਸਦਨ ਵਿੱਚ ਵੋਟਿੰਗ ਤੋਂ ਪਹਿਲਾਂ ਹੀ ਉਹ ਅਸਤੀਫਾ ਦੇ ਗਏ ਸਨ। ਅੱਜ ਕੱਲ੍ਹ ਡੋਨਾਲਡ ਟਰੰਪ ਵਿਰੁੱਧ ਮਹਾਂਦੋਸ਼ ਇਸ ਕਾਰਨ ਚੱਲ ਰਿਹਾ ਹੈ ਕਿ ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਵਿਦੇਸ਼ੀ ਦਖ਼ਲ ਦਾ ਗੁਨਾਹ ਕੀਤਾ ਹੈ ਜਿਸ ਤੋਂ ਸੰਵਿਧਾਨ ਵਰਜਦਾ ਹੈ। ਉਨ੍ਹਾਂ ਨੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਲਈ ਚੋਣ ਲੜ ਰਹੇ ਸਾਬਕਾ ਉਪ-ਰਾਸ਼ਟਰਪਤੀ ਜੋਅ ਬੀਡੇਨ ਅਤੇ ਵਪਾਰੀ ਲੜਕੇ ਵਿਰੁੱਧ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਲਈ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੈਂਸਕੀ ਨੂੰ ਜੁਲਾਈ 2019 ਵਿੱਚ ਟੈਲੀਫੋਨ ਕੀਤਾ ਸੀ। ਇਸ ਜਾਂਚ ਲਈ ਉਨ੍ਹਾਂ ਉਸ ਦੇਸ਼ ਨੂੰ 391 ਮਿਲੀਅਨ ਡਾਲਰ ਦੀ ਗਰਾਂਟ ਰੋਕੀ ਰੱਖੀ ਸੀ। ਮੁਖਬਰ ਵੱਲੋਂ ਇਹ ਗੱਲ ਜਨਤਕ ਕਰਨ 'ਤੇ ਟਰੰਪ ਨੇ ਇਹ ਰਾਸ਼ੀ ਜਾਰੀ ਕਰ ਦਿੱਤੀ। ਉਹ ਇਹ ਵੀ ਕਹਿੰਦੇ ਹਨ ਕਿ ਮੁਖ਼ਬਰ 'ਤੇ ਦੇਸ਼ ਧ੍ਰੋਹ ਦਾ ਕੇਸ ਚੱਲਣਾ ਚਾਹੀਦਾ ਹੈ। ਰਾਸ਼ਟਰਪਤੀ ਟਰੰਪ ਨੇ ਫਿਰ ਯੂਕਰੇਨ ਅਤੇ ਚੀਨ ਦੇ ਰਾਸ਼ਟਰਪਤੀਆਂ ਨੂੰ ਜੋਅ ਬੀਡੇਨ ਅਤੇ ਉਸ ਦੇ ਪੁੱਤਰ ਵਿਰੁੱਧ ਭ੍ਰਿਸ਼ਟਾਚਾਰ ਸਬੰਧੀ ਜਾਂਚ ਕਰਨ ਲਈ ਸ਼ਰੇਆਮ ਪੱਤਰਕਾਰਾਂ ਦੀ ਮੌਜੂਦਗੀ ਵਿੱਚ ਕਿਹਾ ਹੈ। ਉਹ ਆਪਣੇ ਵਿਰੁੱਧ ਮਹਾਂਦੋਸ਼ ਪ੍ਰਕਿਰਿਆ ਸ਼ੁਰੂ ਹੋਣਾ 'ਤੇ ਬਹੁਤ ਗੁੱਸੇ ਵਿੱਚ ਹਨ। ਉਹ ਡੈਮੋਕ੍ਰੇਟਾਂ ਅਤੇ ਹੋਰ ਵਿਰੋਧੀਆਂ ਵਿਰੁੱਧ ਹੋਰ ਹਮਲਾਵਰ ਹੋ ਗਏ ਹਨ। ਉਨ੍ਹਾਂ ਨੇ ਪ੍ਰਤੀਨਿਧ ਹਾਊਸ ਕਮੇਟੀ ਨੂੰ ਵ੍ਹਾਈਟ ਹਾਊਸ ਤੋਂ ਮੰਗੇ ਜਾਣ ਵਾਲੇ ਦਸਤਾਵੇਜ਼ ਮੁਹੱਈਆ ਕਰਵਾਉਣ ਤੋਂ ਨਾਂਹ ਕਰ ਦਿੱਤੀ ਹੈ। ਰਿਚਰਡ ਨਿਕਸਨ ਅਤੇ ਬਿਲ ਕਲਿੰਟਨ ਵਿਰੁੱਧ ਸਦਨ ਦੀ ਜੁਡੀਸ਼ੀਅਲ ਕਮੇਟੀ ਨੇ ਪਹਿਲਾਂ ਜਾਂਚ ਕੀਤੀ ਸੀ ਤੇ ਫਿਰ ਸਦਨ ਨੂੰ ਮਹਾਂਦੋਸ਼ ਦੀ ਕਾਰਵਾਈ ਕਰਨ ਲਈ ਸਿਫਾਰਸ਼ ਕੀਤੀ ਸੀ। ਟਰੰਪ ਕੇਸ ਵਿੱਚ ਵੀ ਜੁਡੀਸ਼ਲ ਕਮੇਟੀ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਨਿਊਯਾਰਕ ਟਾਈਮਜ਼ ਅਨੁਸਾਰ 435 ਮੈਂਬਰੀ ਹੇਠਲੇ ਸਦਨ ਦੇ 161 ਮੈਂਬਰਾਂ ਨੇ ਦੱਸਿਆ ਹੈ ਕਿ ਉਹ ਮਹਾਂਦੋਸ਼ ਦੇ ਹੱਕ ਵਿੱਚ ਹਨ, 75 ਮੈਂਬਰਾਂ ਦਾ ਕਹਿਣਾ ਹੈ ਕਿ ਉਹ ਇਸ ਦੇ ਵਿਰੁੱਧ ਹਨ ਜਾਂ ਹਾਲੇ ਸਹਿਮਤ ਨਹੀਂ। ਲਗਭਗ 199 ਮੈਂਬਰਾਂ ਨੇ ਹਾਲੇ ਚੁੱਪ ਵੱਟੀ ਹੋਈ ਹੈ। ਜੇ ਹੇਠਲਾ ਸਦਨ ਮਹਾਂਦੋਸ਼ ਦਾ ਮਤਾ ਪਾਸ ਕਰੇਗਾ ਤਾਂ ਸੈਨੇਟ ਵਿੱਚ ਟਰੰਪ ਵਿਰੁੱਧ ਅਪਰਾਧਕ ਕੇਸ ਚੱਲੇਗਾ।

ਬਹੁਤ ਸਾਰੇ ਸਿਆਣਿਆਂ ਦੀ ਰਾਏ ਹੈ ਕਿ ਡੈਮੋਕ੍ਰੇਟਿਕ ਪਾਰਟੀ 2020 ਵਿੱਚ ਰਾਸ਼ਟਰਪਤੀ ਅਹੁਦਾ ਰਿਪਬਲਿਕਨਾਂ ਤੋਂ ਹਥਿਆਉਣ ਅਤੇ ਟਰੰਪ ਨੂੰ ਰਹਿੰਦੇ ਕਾਰਜਕਾਲ ਵਿੱਚ ਮਨਮਾਨੀਆਂ ਕਰਨ ਤੋਂ ਰੋਕਣ ਲਈ ਇਹ ਕਾਰਵਾਈ ਕਰ ਰਹੀ ਹੈ, ਪਰ ਉਨ੍ਹਾਂ ਦੇ ਇਹ ਰਾਜਨੀਤਕ ਮਨਸੂਬੇ ਵਿੱਚ ਸਫ਼ਲ ਨਾ ਹੋਏ ਤਾਂ ਟਰੰਪ ਦੀ ਮੁੜ ਜਿੱਤ ਯਕੀਨੀ ਹੋ ਸਕਦੀ ਹੈ। ਟਰੰਪ ਰਾਸ਼ਟਰਪਤੀ ਕਾਲਵਿਨ ਕੂਲਿਜ (1932-1929) ਤੋਂ ਬਾਅਦ ਪਹਿਲਾ ਰਾਸ਼ਟਰਪਤੀ ਹੈ ਜਿਸ ਨੇ ਚੋਣਾਂ ਸਮੇਂ ਜੋ ਵਾਅਦੇ ਕੀਤੇ, ਉਹ ਪੁਗਾਏ ਹਨ। ਅਮਰੀਕਾ ਨੂੰ ਮੁੜ ਤਾਕਤਵਰ ਮਹਾ-ਸ਼ਕਤੀ ਵਜੋਂ ਉਭਾਰਿਆ ਹੈ। ਪ੍ਰਤੀ ਜੀਅ ਜੀ ਡੀ ਪੀ ਵਿੱਚ ਤਿੰਨ ਗੁਣਾ ਵਾਧਾ ਕੀਤਾ ਹੈ। ਯੂਰਪੀ ਯੂਨੀਅਨ ਨਾਲੋਂ ਆਰਥਿਕ ਵਿਕਾਸ ਵਿੱਚ ਤਿੰਨ ਗੁਣਾ ਵਾਧਾ ਕੀਤਾ ਹੈ। ਮੱਧ ਵਰਗ ਦੀ ਆਮਦਨ ਵਿੱਚ ਵਾਧਾ ਕਰ ਕੇ ਉਸ ਦੀ ਖਰੀਦ ਸ਼ਕਤੀ ਵਧਾਈ ਹੈ। ਜੇ ਅਮਰੀਕੀ ਕਾਂਗਰਸ ਉਨ੍ਹਾਂ ਵਿਰੁੱਧ ਮਹਾਂਦੋਸ਼ ਚਲਾ ਕੇ ਅਹੁਦੇ ਤੋਂ ਲਾਂਭੇ ਕਰਦੀ ਹੈ ਤਾਂ ਇਸ ਦੇ ਅਮਰੀਕਾ ਤੇ ਵਿਸ਼ਵ ਲਈ ਮਾੜੇ ਨਤੀਜੇ ਨਿਕਲ ਸਕਦੇ ਹਨ।

# ਪੰਜਾਬੀ ਸਮਾਜ ਵਿੱਚ ਜਾਤ-ਪਾਤ ਦਾ ਘਿਨਾਉਣਾ ਰੂਪ

-ਹਰਪ੍ਰੀਤ ਕੌਰ-

ਸੰਗਰੂਰ ਜ਼ਿਲ੍ਹੇ ਦੇ ਪਿੰਡ ਚੰਗਾਲੀਵਾਲਾ ਵਿੱਚ ਦਲਿਤ ਜਰਮੇਲ ਸਿੰਘ ਉਤੇ ਮਾਮੂਲੀ ਜਿਹੇ ਝਗੜੇ ਤੋਂ ਬਾਅਦ ਪਿੰਡ ਦੇ ਉਚ ਜਾਤੀ ਦੇ ਨੌਜਵਾਨਾਂ ਨੇ ਤਸ਼ੱਦਦ ਕੀਤਾ ਅਤੇ ਉਸ ਨੂੰ ਪਿਸ਼ਾਬ ਪੀਣ ਲਈ ਮਜ਼ਬੂਰ ਕੀਤਾ। ਮਗਰੋਂ ਪੀ ਜੀ ਆਈ ਚੰਡੀਗੜ੍ਹ ਵਿੱਚ ਉਸ ਦੀ ਜ਼ੇਰੇ-ਇਲਾਜ ਮੌਤ ਹੋ ਗਈ। ਦਿਲ ਦਹਿਲਾਉਣ ਵਾਲੀ ਇਸ ਘਟਨਾ ਨੇ ਸਾਰੇ ਪੰਜਾਬ ਨੂੰ ਝੰਜੋੜ ਸੁੱਟਿਆ ਹੈ। ਪਿੱਛੇ ਜਿਹੇ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਉਤਸਵ ਮਨਾ ਕੇ ਹਟੇ ਹਾਂ। ਗੁਰੂ ਜੀ ਨੇ ਸਾਰੀ ਉਮਰ ਨੀਵੀਆਂ ਜਾਤਾਂ ਦੇ ਹੱਕ ਵਿੱਚ ਆਪਣੀ ਕਲਮ ਚਲਾਈ ਤੇ ਅੱਜ ਅਸੀਂ ਇਹ ਘਟਨਾਵਾਂ ਪੜ੍ਹ-ਸੁਣ ਰਹੇ ਹਾਂ!

ਭਾਰਤ ਸੰਸਾਰ ਦਾ ਅਜਿਹਾ ਦੇਸ਼ ਹੈ ਜਿੱਥੇ ਮਨੁੱਖ ਵਰਗਾਂ ਵਿੱਚ ਵੰਡਿਆ ਹੈ। ਇਹ ਵਰਤਾਰਾ ਸੰਸਾਰ ਭਰ ਦੇ ਅੱਤ ਵਿਕਸਤ ਦੇਸ਼ਾਂ ਵਿੱਚ ਵੀ ਤੀਬਰ ਰੂਪ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਭਾਰਤ ਵਿੱਚ ਜਿੱਥੇ ਇਹ ਕਤਾਰਬੰਦੀ ਦਿਨੋ-ਦਿਨ ਵਧ ਰਹੀ ਹੈ, ਉਥੇ ਸਮਾਜਿਕ ਵੰਡ ਵੀ ਬੜੀ ਭਿਆਨਕ ਹੈ। ਜਾਤ-ਪਾਤ ਸਮਾਜ ਨੂੰ ਕੋਹੜ ਵਾਂਗ ਚਿੰਬੜੀ ਹੋਈ ਹੈ। ਪੰਜਾਬ ਇਸ ਦੇਸ਼ ਦੇ ਵਿਕਸਤ ਰਾਜਾਂ ਵਿੱਚੋਂ ਹੈ। ਇਥੇ ਹਰ ਆਧੁਨਿਕ ਤਕਨੀਕ ਹੋਣ ਕਾਰਨ ਵੱਡੇ-ਵੱਡੇ ਸ਼ਹਿਰ ਉਸਰ ਚੁੱਕੇ ਹਨ ਤੇ ਇਨ੍ਹਾਂ ਦਾ ਪ੍ਰਭਾਵ ਪਿੰਡਾਂ ਦੇ ਆਮ ਲੋਕਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਸੂਬੇ ਅੰਦਰ ਪੂੰਜੀਵਾਦ ਵੀ ਇੱਕ ਪੱਧਰ ਤੱਕ ਵਿਕਸਿਤ ਹੋ ਚੁੱਕਾ ਹੈ। ਪੰਜਾਬ ਵਿੱਚ ਇੱਕ ਪਾਸੇ ਆਧੁਨਿਕ ਮਨੁੱਖ ਅਤੇ ਤਕਨੀਕ ਦਾ ਗੁਣਗਾਨ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਵੱਖਰਾ ਦੋਇਮ ਦਰਜੇ ਦਾ ਪੰਜਾਬ ਵੀ ਵੱਸਦਾ ਹੈ। ਪੰਜਾਬ ਸਮੇਤ ਸਾਰੇ ਮੁਲਕ ਦਾ ਆਰਥਿਕ ਜਾਤ ਅਤੇ ਸਮਾਜਿਕ ਢਾਂਚਾ ਬਹੁਤ ਉਲਝਿਆ ਪਿਆ ਹੈ। ਮੁਲਕ ਜਿੱਥੇ ਜਮਾਤੀ ਸਮਾਜ ਵਿੱਚ ਵੰਡਿਆ ਪਿਆ ਹੈ, ਓਥੇ ਇਹ ਸਮਾਜਿਕ ਢਾਂਚਾ ਜਾਤੀ ਆਧਾਰ ਉੱਤੇ ਵੀ ਵੰਡਿਆ ਪਿਆ ਹੈ। ਜਾਤੀ ਵਿਵਸਥਾ ਦੀ ਇਹ ਵੰਡ ਇੱਕ ਪੌੜੀ ਵਾਂਗ ਹੈ, ਜਿੱਤੇ ਇੱਕ ਜਾਤ ਦੂਜੀ ਨੀਵੀਂ ਜਾਤ ਦੇ ਮੋਢਿਆਂ 'ਤੇ ਟਿਕੀ ਹੈ। ਇਹ ਵਰਤਾਰਾ ਇੱਥੇ ਹੀ ਨਹੀਂ ਰੁਕਦਾ, ਸਗੋਂ ਇਸ ਵਿੱਚ ਜਾਤ ਅੰਦਰ ਜਾਤ ਦੀ ਪੌੜੀਦਾਰ ਵਿਵਸਥਾ ਹੈ। ਇਉਂ ਇਹ ਜਾਤੀ ਵਿਵਸਥਾ ਬਹੁਤ ਗੁੰਝਲਦਾਰ ਹੈ।

ਪੰਜਾਬ ਲੰਮਾ ਸਮਾਂ ਬ੍ਰਾਹਮਣਵਾਦੀ ਅਤੇ ਜਗੀਰੂ ਢਾਂਚੇ ਅਧੀਨ ਰਿਹਾ ਹੈ। ਜਾਤ ਪ੍ਰਣਾਲੀ ਅਤੇ ਹਿੰਦੂ ਧਰਮ ਭਾਰਤ ਤੇ ਪੰਜਾਬ ਦੇ ਸਾਂਝੇ ਸਮਾਜਿਕ ਤੱਤ ਹਨ। ਜਾਤ ਦੀ ਉਤਪਤੀ ਬਾਰੇ ਵਿਦਾਵਾਨਾਂ ਦੇ ਵਿਚਾਰ ਵੱਖੋ-ਵੱਖਰੇ ਹਨ, ਸਮੁੱਚੇ ਰੂਪ ਵਿੱਚ ਇਸ ਦੇ ਨਿਕਾਸ ਵਿੱਚ ਸਮਾਜਿਕ, ਆਰਥਿਕ, ਧਾਰਮਿਕ, ਸਿਆਸੀ ਤੇ ਸੱਭਿਆਚਾਰਕ ਤੱਤ ਕਾਰਜਸ਼ੀਲ ਹਨ। ਕੁਝ ਵਿਦਵਾਨ ਮੰਨਦੇ ਹਨ ਕਿ ਭਾਰਤ ਵਿੱਚ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਜਾਤੀ ਵਰਣ ਦੇ ਤੱਤ ਮੌਜੂਦ ਹਨ, ਪਰ ਵੈਦਿਕ ਕਾਲ ਦੇ ਰਿਗਵੇਦ ਗ੍ਰੰਥਾਂ ਵਿੱਚ ਇਸ ਬਾਰੇ ਥੋੜ੍ਹੀ ਜਾਣਕਾਰੀ ਮਿਲਦੀ ਹੈ। ਉਤਰ-ਵੈਦਿਕ ਕਾਲ ਵਿੱਚ ਵਰਣਾਂ ਦੀ ਪੁਸ਼ਟੀ ਪੱਕੇ ਤੌਰ 'ਤੇ ਹੋ ਚੁੱਕੀ ਹੈ। ਇਹ ਸਮਾਂ ਜਾਤੀ ਪ੍ਰਥਾ ਨੂੰ ਪੂਰੀ ਤਰ੍ਹਾਂ ਪੱਕੇ ਕਰਨ ਵਾਲਾ ਸੀ। ਮਨੂ ਸਮਰਿਤੀ ਵੀ ਇਸੇ ਸਮੇਂ ਵਿੱਚ ਲਿਖੀ ਗਈ, ਜਿਸ ਵਿੱਚ ਮਨੂ ਨੇ ਜਾਤਾਂ ਨਿਰਧਾਰਤ ਕੀਤੀਆਂ ਅਤੇ ਬ੍ਰਾਹਮਣਾਂ ਨੂੰ ਉਚ ਦਰਜਾ ਦਿੱਤਾ। ਮਨੂ ਸਮਰਿਤੀ ਵਿੱਚ ਜਾਤੀ ਉਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਰਾਜੇ ਦੀ ਮਿਥੀ ਗਈ ਤੇ ਕਿਸੇ ਝਗੜੇ ਤੇ ਮੁਕੱਦਮੇ ਸਮੇਂ ਜਾਤੀ ਲਿਖਣ ਦਾ ਨਿਯਮ ਵੀ ਬਣਾਇਆ ਗਿਆ। ਇਸ ਤਰ੍ਹਾਂ ਮਨੂ ਨੇ ਜਾਤੀ ਪ੍ਰਥਾ ਨੂੰ ਪੱਕੇ ਪੈਰੀਂ ਕੀਤਾ। ਮੱਧ ਕਾਲ ਦੌਰਾਨ ਸਾਰੇ ਧਰਮਾਂ ਵਿੱਚ ਜਾਤ ਪ੍ਰਣਾਲੀ ਦੇ ਅੰਸ਼ ਸਨ। ਹਿੰਦੂ ਧਰਮ ਦਾ ਬ੍ਰਾਹਮਣਵਾਦੀ ਢਾਂਚਾ ਵਰਣ ਪ੍ਰਬੰਧ, ਜਾਤ-ਪਾਤ, ਛੂਆ-ਛਾਤ, ਭਿੱਟ ਆਦਿ ਉਪਰ ਟਿਕਿਆ ਹੈ। ਹਿੰਦੂ ਧਰਮ ਅਨੁਸਾਰ, ਮਨੁੱਖ ਦੀ ਵੰਡ ਚਾਰ ਵਰਣਾਂ ਵਿੱਚ ਕੀਤੀ ਗਈ ਹੈ। ਪੁਰਾਤਨ ਰਵਾਇਤ ਅਨੁਸਾਰ ਇਨ੍ਹਾਂ ਚਾਰੇ ਵਰਣਾਂ ਦੀ ਉਪਜ ਬ੍ਰਹਮਾ ਤੋਂ ਹੋਈ।

ਮੁਸਲਮਾਨਾਂ ਦੇ ਆਉਣ ਨਾਲ ਭਾਰਤ ਤੇ ਪੰਜਾਬ ਦੇ ਸਮਾਜਿਕ ਢਾਂਚੇ ਵਿੱਚ ਪਰਿਵਰਤਨ ਆਏ। ਸਿਧਾਂਤਕ ਤੌਰ ਤੇ ਇਸਲਾਮ ਵਿੱਚ ਜਾਤ ਦੀ ਕੋਈ ਥਾਂ ਨਹੀਂ, ਪਰ ਹਕੀਕਤ ਵਿੱਚ ਇਸ ਧਰਮ ਵਿੱਚ ਵੀ ਜਾਤਾਂ ਮਿਲਦੀਆਂ ਹਨ। ਸਮਾਜਿਕ ਤੌਰ 'ਤੇ ਉਚ-ਨੀਚ ਮੌਜੂਦ ਹੈ। ਮੱਧ ਕਾਲ ਵਿੱਚ ਮੁਸਲਮਾਨਾਂ ਦੇ ਆਉਣ ਨਾਲ ਬਹੁਤ ਸਾਰੇ ਲੋਕਾਂ ਨੇ ਇਸਲਾਮ ਅਪਣਾ ਲਿਆ ਤੇ ਕੁਝ ਮੁਸਲਮਾਨ ਰਾਜਿਆਂ ਨੇ ਜ਼ਬਰਦਸਤੀ ਵੀ ਲੋਕਾਂ ਨੂੰ ਮੁਸਲਮਾਨ ਬਣਾਇਆ। ਕੁਝ ਗਰੀਬਾਂ ਨੂੰ ਰਿਆਇਤਾਂ ਦੇ ਕੇ ਵੀ ਇਸਲਾਮ ਵੱਲ ਖਿੱਚਿਆ। ਨੀਵੀਂ ਜਾਤੀ ਦੇ ਲੋਕਾਂ ਨੇ ਵੀ ਹਿੰਦੂ ਧਰਮ ਦੀ ਜ਼ਲਾਲਤ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਲਈ ਇਸਲਾਮ ਕਬੂਲ ਕੀਤਾ। ਇਸ ਨਾਲ ਜਾਤੀ ਪੱਧਰ 'ਤੇ ਦੋ ਤਬਦੀਲੀਆਂ ਵਾਪਰੀਆਂ। ਇਨ੍ਹਾਂ ਵਿੱਚ ਇੱਕ ਕੰਮ ਅਤੇ ਦੂਜੀ ਧਰਮ ਨਾਲ ਜੁੜੀ ਹੋਈ ਸੀ। ਅਰਬ ਦੇਸ਼ਾਂ ਦੇ ਹੁਕਮਰਾਨਾਂ ਨੇ ਭਾਰਤੀ ਲੋਕਾਂ ਨੂੰ ਨਵੇਂ ਰੁਜ਼ਗਾਰ ਦਿੱਤੇ ਜਿਸ ਨਾਲ ਇਥੋਂ ਦੀ ਆਬਾਦੀ ਹੋਰ ਵੀ ਛੋਟੇ ਜਾਤੀ ਵਰਗਾਂ ਵਿੱਚ ਵੰਡੀ ਗਈ। ਦੂਸਰਾ ਕੰਮ ਇਹ ਹੋਇਆ ਕਿ ਮੁਗਲ ਰਾਜਿਆਂ ਨੇ ਆਪਣੇ ਰਾਜ ਹਿੱਤ ਹਮਦਰਦ ਪੈਦਾ ਕਰਨ ਲਈ ਇੱਥੋਂ ਦੇ ਗ਼ਰੀਬ ਸ਼ੂਦਰਾਂ ਨੂੰ ਕੁਝ ਸਹੂਲਤਾਂ ਹਿੱਤ ਮੁਸਲਮਾਨ ਬਣਾ ਲਿਆ। ਕਿਰਤੀ ਦੀ ਪਛਾਣ ਮੁਸਲਮਾਨ ਕਿਰਤੀ ਅਤੇ ਹਿੰਦੂ ਕਿਰਤੀ ਹੋ ਗਈ ਪਰ ਜਾਤਾਂ ਦੇ ਨਾਂ ਧਰਮਾਂ ਨਾਲ ਜੁੜ ਗਏ।

ਭਗਤੀ ਲਹਿਰ ਅਤੇ ਸਿੱਖ ਧਰਮ ਨੇ ਪੰਜਾਬ ਵਿੱਚ ਜਾਤੀ ਵਿਵਸਥਾ ਨੂੰ ਨਕਾਰ ਕੇ ਬਰਾਬਰੀ ਦੇ ਮਨੁੱਖ ਦਾ ਸੰਕਲਪ ਲਿਆਂਦਾ। ਭਗਤੀ ਲਹਿਰ ਦੇ ਸੰਤਾਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਧੰਨਾ ਤੇ ਭਗਤ ਨਾਮਦੇਵ ਨੇ ਆਪਣੀ ਬਾਣੀ ਰਾਹੀਂ ਜਾਤ-ਪਾਤ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਸਿੱਖ ਗੁਰੂ ਸਾਹਿਬਾਨ ਅਤੇ ਮਗਰੋਂ ਬੰਦਾ ਸਿੰਘ ਬਹਾਦਰ ਨੇ ਵੀ ਜਾਤ-ਪਾਤ ਦਾ ਖੰਡਨ ਕੀਤਾ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਜਾਤੀ ਪ੍ਰਥਾ ਪ੍ਰਬੰਧ ਨੂੰ ਤੋੜਨ ਦੇ ਯਤਨ ਕੀਤੇ। ਬੰਦਾ ਸਿੰਘ ਬਹਾਦਰ ਨੇ ਜਾਗੀਰਦਾਰਾਂ ਤੋਂ ਜ਼ਮੀਨਾਂ ਖੋਹ ਕ ਬੇਜ਼ਮੀਨਿਆਂ ਵਿੱਚ ਵੰਡੀਆਂ ਪਰ ਜਾਤ ਪ੍ਰਬੰਧ ਉਸੇ ਤਰ੍ਹਾਂ ਕਾਇਮ ਰਿਹਾ ਤੇ ਮੱਧ ਕਾਲ ਦਾ ਮਨੁੱਖ ਜਾਤ-ਪਾਤ ਦੇ ਜੰਜਾਲ ਤੋਂ ਮੁਕਤ ਨਾ ਹੋ ਸਕਿਆ।

ਅੰਗਰੇਜ਼ਾਂ ਨੇ ਜਾਤੀ ਵਿਵਸਥਾ ਵਿੱਚ ਕੋਈ ਖਾਸ ਦਖ਼ਲ ਨਹੀਂ ਦਿੱਤਾ। ਈਸਾਈ ਬਣਨ ਵਾਲਿਆਂ ਨੂੰ ਸਹੂਲਤਾਂ ਦੇਣ ਦਾ ਐਲਾਨ ਕੀਤਾ ਕੀਤਾ। ਅੰਗਰੇਜ਼ਾਂ ਨੇ ਸਿੱਖਿਆ ਦੀ ਅਜਿਹੀ ਪ੍ਰਣਾਲੀ ਚਾਲੂ ਕੀਤੀ, ਜਿਸ ਨਾਲ ਵਿਦਿਆਰਥੀ ਨੂੰ ਆਪਣੇ ਧਰਮ ਨੂੰ ਬਦਲਣ ਦੀ ਲੋੜ ਨਹੀਂ ਸੀ। ਜਾਤੀ ਪੱਧਰ 'ਤੇ ਛੂਆ-ਛਾਤ, ਭਿੱਟ, ਵਿਤਕਰਾ ਛੋਟੀਆਂ ਜਾਤਾਂ ਨਾਲ ਵੱਧ ਹੁੰਦਾ ਸੀ। ਅੰਗਰੇਜ਼ਾਂ ਨੇ ਦਲਿਤਾਂ ਲਈ ਸਕੂਲ ਜਾਣ ਦਾ ਅਧਿਕਾਰ ਬਹਾਲ ਕੀਤਾ। 1923 ਵਿੱਚ ਸਰਕਾਰ ਨੇ ਐਲਾਨ ਕੀਤਾ ਕਿ ਦਲਿਤ ਸ਼੍ਰੇਣੀਆਂ ਦੇ ਬੱਚਿਆਂ ਨੂੰ ਦਾਖ਼ਲ ਕਰਨ ਤੋਂ ਨਾਂਹ ਕਰਨ ਵਾਲੀਆਂ ਸਹਾਇਤਾ ਪ੍ਰਾਪਤ ਵਿੱਦਿਆ ਸੰਸਥਾਵਾਂ ਨੂੰ ਕੋਈ ਗ੍ਰਾਂਟ ਨਹੀਂ ਦਿੱਤੀ ਜਾਵੇਗੀ। ਇਸ ਸਭ ਕੁਝ ਅੰਗਰੇਜ਼ਾਂ ਨੇ ਜਾਤ-ਪਾਤ ਖ਼ਤਮ ਕਰਨ ਲਈ ਨਹੀਂ ਕੀਤਾ ਸਗੋਂ ਆਪਣੇ ਰਾਜ ਦੇ ਪੈਰ ਪੱਕੇ ਕਰਨ ਲਈ ਕੀਤਾ ਸੀ, ਇਸੇ ਲਈ ਜਾਤੀ ਪ੍ਰਬੰਧ ਅੰਗਰੇਜ਼ੀ ਰਾਜ ਵਿੱਚ ਵੀ ਖ਼ਤਮ ਨਾ ਹੋ ਸਕਿਆ।

ਡਾ. ਭੀਮ ਰਾਓ ਅੰਬੇਦਕਰ ਨੇ ਭਾਰਤ ਵਿੱਚ ਜਾਤੀ ਪ੍ਰਬੰਧ ਨੂੰ ਸਮਝਿਆ ਤੇ ਇਸ ਦੇ ਖ਼ਿਲਾਫ਼ ਜੱਦੋਜਹਿਦ ਕਰ ਕੇ ਜਾਤ ਦੇ ਸਵਾਲ ਨੂੰ ਦੇਸ਼ ਵਿੱਚ ਕੇਂਦਰੀ ਮੁੱਦੇ ਵਜੋਂ ਲਿਆ ਖੜ੍ਹਾ ਕੀਤਾ। ਉਨ੍ਹਾਂ ਜਾਤ ਦੇ ਬੀਜ ਨਾਸ ਲਈ ਵੱਖ-ਵੱਖ ਤਰ੍ਹਾਂ ਨਾਲ ਕੋਸ਼ਿਸ਼ਾਂ ਕੀਤੀਆਂ। ਉਨ੍ਹਾਂ ਅਨੁਸਾਰ ਸਿੱਖਿਆ ਪ੍ਰਾਪਤ ਕਰਕੇ, ਅੰਤਰਜਾਤੀ ਵਿਆਹ ਅਤੇ ਧਰਮ ਪਰਿਵਰਤਨ ਰਾਹੀਂ ਜਾਤ-ਪਾਤੀ ਪ੍ਰਬੰਧ ਦੀ ਮੁਕਤੀ ਦਾ ਹੱਲ ਲੱਭਿਆ ਜਾ ਸਕਦਾ ਹੈ। ਭਾਰਤ ਵਿੱਚ ਕਮਿਊਨਿਸਟ ਪਾਰਟੀਆਂ ਨੇ ਜਾਤ-ਪਾਤ ਦੇ ਹੱਲ ਲਈ ਆਰਥਿਕ ਬਰਾਬਰੀ ਨੂੰ ਮੁੱਖ ਆਧਾਰ ਮੰਨਿਆ। ਉਂਜ ਭਾਰਤ ਦੇ ਕਮਿਊਨਿਸਟ ਜਾਤਾਂ ਦੇ ਪ੍ਰਬੰਧ ਨੂੰ ਸਮਝਣ ਵਿੱਚ ਅਸਮਰੱਥ ਰਹੇ ਤੇ ਉਨ੍ਹਾਂ ਭਾਰਤ ਦੀਆਂ ਆਰਥਿਕ, ਸਮਾਜਿਕ, ਧਾਰਮਿਕ, ਭੂਗੋਲਿਕ ਸਮੱਸਿਆਵਾਂ ਨੂੰ ਅਣਗੌਲਿਆਂ ਕਰਦਿਆਂ ਮੁੱਖ ਰੂਪ ਵਿੱਚ ਜਮਾਤੀ ਸੰਘਰਸ਼ ਦੀ ਹੀ ਗੱਲ ਕੀਤੀ।

ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਕਮਿਊਨਿਸਟ ਜਥੇਬੰਦੀਆਂ ਨੇ ਜ਼ਮੀਨੀ ਘੋਲ ਅਤੇ ਸਵੈਮਾਣ ਦੀ ਲੜਾਈ ਲਈ ਦਲਿਤਾਂ ਨੇ ਸੰਘਰਸ਼ਾਂ ਨੂੰ ਉਭਾਰਿਆ ਹੈ। ਇਸ ਸੰਘਰਸ਼ ਦੀਆਂ ਕੁਝ ਆਪਣੀਆਂ ਸਮੱਸਿਆਵਾਂ ਹਨ ਜਿਨਾਂ ਵਿੱਚੋਂ ਕਮਿਊਨਿਸਟ ਉਭਰ ਨਹੀਂ ਸਕੇ। ਸੰਘਰਸ਼ ਦੌਰਾਨ ਦਲਿਤਾਂ ਉਤੇ ਤਸ਼ੱਦਦ ਵੀ ਹੋਇਆ। ਇਨ੍ਹਾਂ ਮੁੱਖ ਘੋਲਾਂ ਵਿੱਚ ਬਾਲਦ ਕਲਾਂ, ਬਾਊਪੁਰ ਅਤੇ ਧੰਦੀਵਾਲ ਵਿੱਚ ਦਲਿਤਾਂ ਦਾ ਉਚ ਜਾਤੀ ਦੇ ਲੋਕਾਂ ਵੱਲੋਂ ਬਾਈਕਾਟ, ਜਲੂਰ ਵਿੱਚ ਜ਼ਮੀਨ ਮੰਗਦੇ ਦਲਿਤਾਂ ਉੱਤੇ ਉਚ ਜਾਤੀ ਦੇ ਲੋਕਾਂ ਵੱਲੋਂ ਤਸ਼ੱਦਦ ਕਰਦੇ ਹੋਏ ਸੱਤਰ ਸਾਲਾ ਬਜ਼ੁਰਗ ਮਾਤਾ ਗੁਰਦੇਵ ਕੌਰ ਦਾ ਕਤਲ, ਮੀਮਸਾ, ਨਮੋਲ ਤੇ ਤੋਲੇਵਾਲ ਸੰਗਰੂਰ ਜ਼ਿਲ੍ਹੇ ਦੇ ਅਹਿਮ ਪਿੰਡ ਹਨ ਜਿੱਥੇ ਦਲਿਤਾਂ ਦੇ ਸੰਘਰਸ਼ ਨੂੰ ਓੜਕਾਂ ਦੀ ਤਾਕਤ ਨਾਲ ਦਬਾਇਆ ਜਾ ਰਿਹਾ ਹੈ। ਬਹੁਤ ਸਾਰੀਆਂ ਲਹਿਰਾਂ ਸਿਰਫ਼ ਜਾਤੀ ਆਧਾਰਿਤ ਜਾਂ ਆਰਥਿਕ ਬਰਾਬਰੀ ਲਈ ਚੱਲੀਆਂ ਪਰ ਇਸ ਦਾ ਹੱਲ ਜਾਤੀ ਦਾਬੇ ਅਤੇ ਆਰਥਿਕ ਬਰਾਬਰੀ, ਦੋਵਾਂ ਖ਼ਿਲਾਫ਼ ਤਿੱਖੇ ਸੰਘਰਸ਼ ਵਿੱਚ ਪਿਆ ਹੈ।



## ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾਂਦੇ ਗੁਰੂ ਘਰ ਦੇ ਲੰਗਰ ਵਾਲੇ ਦੇਸੀ ਘਿਓ ਵਿੱਚ ਧਾਂਦਲੀ!



ਅੰਮ੍ਰਿਤਸਰ, 24 ਨਵੰਬਰ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚਲੇ ਸ੍ਰੀ ਗੁਰੂ ਰਾਮ ਦਾਸ ਜੀ ਲੰਗਰ ਲਈ ਦੇਸੀ ਘਿਓ ਦੀ ਸਪਲਾਈ ਵਿੱਚ ਧਾਂਦਲੀ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਲੰਗਰ ਹਾਲ ਨੂੰ ਲੇਬਲ ਤੋਂ ਘੱਟ ਘਿਓ ਸਪਲਾਈ ਕੀਤਾ ਜਾ ਰਿਹਾ ਸੀ। ਖ਼ਾਸ ਗੱਲ ਇਹ ਕਿ ਐਸ ਜੀ ਪੀ ਸੀ ਦੀ ਜਾਂਚ ਵਿੱਚ ਵੀ ਇਸ ਗੜਬੜੀ ਦੀ ਪੁਸ਼ਟੀ ਹੋਈ ਹੈ।

ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਮੰਨਿਆ ਹੈ ਕਿ ਘਿਓ ਦੇ ਕੁਝ ਟੀਨਾਂ ਵਿੱਚ ਘੱਟ ਪੈਕਿੰਗ ਨਿਕਲੀ ਸੀ ਅਤੇ ਸਪਲਾਈ ਕਰਨ ਵਾਲੀ ਫਰਮ ਦੀ ਪੇਮੈਂਟ ਰੋਕ ਦਿੱਤੀ ਗਈ ਹੈ। ਨੋਟਿਸ ਵੀ ਭੇਜਿਆ ਗਿਆ ਹੈ ਕਿ ਜੇ ਦੁਬਾਰਾ ਸ਼ਿਕਾਇਤ ਆਈ ਤਾਂ ਟੈਂਡਰ ਰੱਦ ਕੀਤਾ ਜਾਵੇਗਾ। ਦੂਸਰੇ ਪਾਸੇ ਕਾਂਗਰਸ ਪਾਰਟੀ ਦੇ ਪੰਜਾਬ ਦੇ ਸਾਬਕਾ ਸਕੱਤਰ ਅਤੇ ਬੁਲਾਰੇ ਮਨਦੀਪ ਸਿੰਘ ਮੰਨਾ ਨੇ ਕੋਆਪ੍ਰੇਟਿਵ ਫਰਮ ਨੂੰ ਟੈਂਡਰ ਦੇਣ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਫਰਮ ਰੋਜ਼ ਲੱਖਾਂ ਰੁਪਏ ਦੀ ਘਪਲੇਬਾਜ਼ੀ ਕਰੀ ਜਾਂਦੀ ਹੈ ਅਤੇ ਸ਼੍ਰੋਮਣੀ ਕਮੇਟੀ ਇਸ ਨੂੰ ਦਬਾਉਣ 'ਚ ਲੱਗੀ ਹੋਈ ਹੈ। ਮੰਨਾ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਹੈ। ਮੰਨਾ ਨੇ ਇੱਕ ਵੀਡੀਓ ਜਾਰੀ ਕਰ ਕੇ ਦੱਸਿਆ ਕਿ ਮਾਰਚ 2018 ਵਿੱਚ ਕਮੇਟੀ ਨੇ 20 ਹਜ਼ਾਰ ਕੁਇੰਟਲ ਦੇਸੀ ਘਿਓ ਖ਼ਰੀਦਣ ਲਈ ਟੈਂਡਰ ਜਾਰੀ ਕੀਤਾ ਤਾਂ ਇਸ ਸਪਲਾਈ ਲਈ ਇੱਕ ਕੋਆਪਰੇਟਿਵ ਸੋਸਾਇਟੀ ਨੇ 80 ਕਰੋੜ ਰੁਪਏ ਦਾ ਟੈਂਡਰ ਭਰਿਆ ਸੀ। ਹੋਰ ਕੰਪਨੀਆਂ ਨੇ ਬਹੁਤ ਘੱਟ ਰੇਟ ਦਿੱਤੇ ਸਨ। ਕਮੇਟੀ ਦੇ ਉਪ ਪ੍ਰਧਾਨ ਰਘੁਜੀਤ ਸਿੰਘ ਵਿਰਕ ਕੋਆਪ੍ਰੇਟਿਵ ਸਭਾ ਨੂੰ ਟੈਂਡਰ ਦੇਣ 'ਤੇ ਅੜੇ ਰਹੇ, ਪਰ ਕਮੇਟੀ ਮੈਂਬਰ ਗੁਰ-ਬਚਨ ਸਿੰਘ ਕਰਮੂਵਾਲ ਦੇ ਵਿਰੋਧ ਕਰਨ ਉੱਤੇ ਵਿਰਕ ਨੇ ਟੈਂਡਰ ਰੱਦ ਕਰ ਕੇ ਇਸ ਨੂੰ ਨਵੀਆਂ ਸ਼ਰਤਾਂ ਨਾਲ ਜਾਰੀ ਕੀਤਾ ਹੈ।

## ਸ੍ਰੀ ਸ੍ਰੀ ਰਵੀਸ਼ੰਕਰ ਨੂੰ ਫਰੀਦਕੋਟ ਵਿੱਚ ਲੋਕਾਂ ਦੇ ਜ਼ੋਰਦਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ

*** ਵਿਦਿਆਰਥਣਾਂ ਵੱਲੋਂ ਨਾਅਰੇ, ਕਰੀਬ 60 ਨੌਜਵਾਨ ਹਿਰਾਸਤ 'ਚ ਲਏ**



ਫਰੀਦਕੋਟ, 24 ਨਵੰਬਰ (ਪੋਸਟ ਬਿਊਰੋ)- ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਵਿੱਚ ਪ੍ਰਵਚਨਾਂ ਲਈ ਆਏ ਆਰਟ ਆਫ ਲਿਵਿੰਗ ਸੰਸਥਾ ਦੇ ਮੁਖੀ ਸ੍ਰੀ ਸ੍ਰੀ ਰਵੀਸ਼ੰਕਰ ਦਾ ਪੰਜਾਬ ਸਟੂਡੈਂਟਸ ਯੂਨੀਅਨ, ਯੂਥ ਫਾਰ ਸਵਰਾਜ ਅਤੇ ਨੌਜਵਾਨ ਭਾਰਤ ਸਭਾ ਨੇ ਜ਼ੋਰਦਾਰ ਵਿਰੋਧ ਕੀਤਾ ਅਤੇ ਪੁਲਸ ਨੇ ਵਿਰੋਧ ਕਰਦੇ 60 ਦੇ ਕਰੀਬ ਨੌਜਵਾਨਾਂ ਨੂੰ ਇਥੇ ਦਰਬਾਰ ਗੰਜ ਤੋਂ ਹਿਰਾਸਤ ਵਿੱਚ ਲੈ ਲਿਆ। ਮੁੱਖ ਸਮਾਗਮ ਵਾਲੀ ਥਾਂ ਵੀ ਪੁਲਸ ਨੇ ਛੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ।

ਅਸਲ ਵਿੱਚ ਇਸ ਸਮਾਗਮ ਦੌਰਾਨ ਜਦੋਂ ਸ੍ਰੀ ਸ੍ਰੀ ਰਵੀਸ਼ੰਕਰ ਬੋਲਣ ਲੱਗੇ ਤਾਂ ਇੱਕ ਵਿਦਿਆਰਥਣ ਨੇ ਉਨ੍ਹਾਂ ਦੇ ਭਾਸ਼ਣ ਦਾ ਵਿਰੋਧ ਕਰਦਿਆਂ ਕਿਹਾ ਕਿ ਯੂਨੀਵਰਸਿਟੀ ਵਿੱਚ ਵਿਦਿਆਰਥਣਾਂ ਅਤੇ ਮਹਿਲਾ ਡਾਕਟਰ ਸੁਰੱਖਿਅਤ ਨਹੀਂ ਤੇ ਮਹਿਲਾ ਡਾਕਟਰਾਂ ਦਾ ਸੈਕਸ ਸ਼ੋਸ਼ਣ ਕਰਨ ਵਾਲੇ ਅਧਿਕਾਰੀਆਂ ਨੂੰ ਯੂਨੀਵਰਸਿਟੀ ਬਚਾ ਰਹੀ ਹੈ। ਨਾਅਰੇਬਾਜ਼ੀ ਕਰਨ ਵਾਲੀ ਵਿਦਿਆਰਥਣ ਹਰਵੀਰ ਕੌਰ ਨੇ ਕਿਹਾ ਕਿ ਇਸ ਹਾਲਾਤ ਵਿੱਚ ਔਰਤਾਂ ਨੂੰ ਸ਼ਾਂਤ ਰਹਿਣ ਦਾ ਸੁਨੇਹਾ ਦੇਣਾ ਬੇਤੁਕੀ ਗੱਲ ਹੈ। ਸ੍ਰੀ ਸ੍ਰੀ ਰਵੀਸ਼ੰਕਰ ਨਾਲ ਬੈਠੇ ਹੋਏ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਰਾਜ ਬਹਾਦਰ ਖਿਲਾਫ ਵੀ ਵਿਦਿਆਰਥਣ ਨੇ ਨਾਅਰੇ ਲਾਏ ਤਾਂ ਸੈਨੇਟ ਹਾਲ ਵਿੱਚ ਮੌਜੂਦ ਸੁਰੱਖਿਆ ਮੁਲਾਜ਼ਮ ਵਿਦਿਆਰਥਣ ਨੂੰ ਖਿੱਚ ਕੇ ਬਾਹਰ ਲੈ ਗਏ, ਪਰ ਹੋਰ ਵਿਦਿਆਰਥਣਾਂ ਨਾਅਰੇ ਮਾਰਦੀਆਂ ਰਹੀਆਂ, ਜਿਸ ਕਰ ਕੇ ਸਮਾਗਮ ਵਿੱਚ ਲੰਬਾ ਸਮਾਂ ਵਿਘਨ ਪਿਆ। ਸ੍ਰੀ ਸ੍ਰੀ ਰਵੀਸ਼ੰਕਰ ਨੇ ਕਿਹਾ ਕਿ ਵਿਰੋਧ ਕਰਨ ਵਾਲੀ ਵਿਦਿਆਰਥਣ ਦੇ ਰੋਸੇ ਸੁਣੇ ਜਾਣੇ ਚਾਹੀਦੇ ਹਨ।

ਇਸ ਤੋਂ ਪਹਿਲਾਂ ਸਮਾਗਮ ਦਾ ਵਿਰੋਧ ਕਰਦੇ ਨੌਜਵਾਨ ਦਰਬਾਰ ਗੰਜ ਵਿੱਚ ਜਦੋਂ ਇਕੱਠੇ ਹੋਏ ਤਾਂ ਜ਼ਿਲਾ ਪੁਲਸ ਨੇ ਮੁਜ਼ਾਹਰਾ ਕਰਦੇ ਨੌਜਵਾਨਾਂ ਨੂੰ ਘੇਰ ਕੇ ਹਲਕਾ ਲਾਠੀਚਾਰਜ ਕੀਤਾ, ਜਿਸ ਦੇ ਦੌਰਾਨ ਕੁਝ ਸਿੱਖ ਬਜ਼ੁਰਗਾਂ ਦੀਆਂ ਪੱਗਾਂ ਵੀ ਉਤਰ ਗਈਆਂ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਮੁੱਖ ਗੇਟ ਅਤੇ ਮੈਡੀਕਲ ਕਾਲਜ ਦੇ ਅੰਦਰ ਵੀ ਨੌਜਵਾਨਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੁਲਸ ਪੂਰਾ ਦਿਨ ਉਨ੍ਹਾਂ ਨੂੰ ਲੱਭਣ ਲੱਗੀ ਰਹੀ, ਪਰ ਮੁਜ਼ਾਹਰਾ ਕਰਨ ਵਾਲਿਆਂ ਨੇ ਮੁੱਖ ਸਮਾਗਮ ਵਿੱਚ ਪਹੁੰਚ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਪੀ ਐਸ ਯੂ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਸਾਜ਼ਿਸ਼ ਹੇਠ ਸਰਕਾਰੀ ਵਿਦਿਅਕ ਅਦਾਰਿਆਂ ਦਾ ਭਗਵਾਂਕਰਨ ਕਰ ਰਹੀ ਹੈ। ਇਸੇ ਮੁਹਿੰਮ ਹੇਠ ਸ੍ਰੀ ਸ੍ਰੀ ਰਵੀਸ਼ੰਕਰ ਨੂੰ ਮੈਡੀਕਲ ਯੂਨੀਵਰਸਿਟੀ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੈਕਸ ਸ਼ੋਸ਼ਣ ਤੇ ਘਪਲੇਬਾਜ਼ੀ ਦੇ ਦੋਸ਼ਾਂ ਵਿੱਚ ਘਿਰੀ ਯੂਨੀਵਰਸਿਟੀ ਨੇ ਆਪਣਾ ਪੱਲਾ ਸਾਫ ਕਰਨ ਲਈ ਸਰਕਾਰੀ ਖਰਚੇ 'ਤੇ ਧਾਰਮਿਕ ਆਗੂ ਨੂੰ ਇਥੇ ਬੁਲਾਇਆ, ਜੋ ਪੂਰੀ ਤਰ੍ਹਾਂ ਗੈਰ ਕਾਨੂੰਨੀ ਹੈ। ਸਮਾਗਮ ਵਿੱਚ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਓ ਪੀ ਸੋਨੀ ਨੇ ਆਉਣਾ ਸੀ, ਪਰ ਉਹ ਵਿੱਚ ਨਹੀਂ ਆਏ। ਇਸ ਤੋਂ ਬਿਨਾ ਜ਼ਿਲਾ ਪੁਲਸ ਮੁਖੀ, ਡਿਪਟੀ ਕਮਿਸ਼ਨਰ ਤੇ ਸਥਾਨਕ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਵੀ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ।

## ਪਾਕਿ ਹਾਈ ਕਮਿਸ਼ਨ ਦਿੱਲੀ ਤੋਂ ਵੀਜ਼ਾ ਲਏ ਬਿਨਾਂ ਪਿਆਰਾ ਸਿੰਘ ਪਾਕਿ ਘੁੰਮ ਆਏ

ਅੰਮ੍ਰਿਤਸਰ, 24 ਨਵੰਬਰ (ਪੋਸਟ ਬਿਊਰੋ)- ਭਾਰਤ ਤੇ ਪਾਕਿਸਤਾਨ ਸਰਕਾਰ ਵੱਲੋਂ 65 ਸਾਲ ਤੋਂ ਵਧੇਰੀ ਉਮਰ ਵਾਲੇ ਪੁਰਸ਼ਾਂ ਤੇ ਔਰਤਾਂ ਨੂੰ ਦਿੱਤੀ ਜਾਂਦੀ ਆਨ-ਅਰਾਈਵਲ ਵੀਜ਼ਾ ਸੁਵਿਧਾ ਦੇ ਆਸਰੇ ਬਟਾਲਾ ਦੇ ਸਾਹਿਤਕਾਰ ਪਿਆਰਾ ਸਿੰਘ ਮਾਨਵ (82) ਆਪਣੀ ਜਨਮ ਭੋਏਂ ਦੇ ਦਰਸ਼ਨਾਂ ਲਈ ਬੀਤੇ ਦਿਨੀਂ ਪਾਕਿ-ਸਤਾਨ ਪਹੁੰਚੇ।

ਪਾਕਿਸਤਾਨੀ ਲੇਖਕ ਤੇ ਕਵੀ ਮੁਨੀਰ ਹੁਸ਼ਿਆਰਪੁਰੀਆ ਦੇ ਵਿਸ਼ੇਸ਼ ਸੱਦੇ ਉੱਤੇ ਦਿੱਲੀ ਵਿਚਲੇ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਗਏ ਬਿਨਾਂ ਅਟਾਰੀ-ਵਾਹਗਾ ਤੋਂ ਆਨ-ਅਰਾਈਵਲ ਵੀਜ਼ਾ ਲੈ ਕੇ ਪਾਕਿਸਤਾਨ ਪਹੁੰਚੇ ਪਿਆਰਾ ਸਿੰਘ ਬਾਰੇ ਮੁਨੀਰ ਨੇ ਦੱਸਿਆ ਕਿ ਸਾਲ 2013 'ਚ ਜਦੋਂ ਉਹ ਤੇ ਉਨ੍ਹਾਂ ਦਾ ਮਿੱਤਰ ਸ਼ਰੀਫ ਸਾਬਰ ਪ੍ਰੀਤਲੜੀ ਸਾਹਿਤਕ ਰਸਾਲੇ ਦੇ ਸੰਪਾਦਕ ਦੇ ਸੱਦੇ ਉਤੇ ਅੰਮ੍ਰਿਤਸਰ ਦੇ ਪਿੰਡ ਪ੍ਰੀਤ ਨਗਰ ਆਏ ਸਨ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਪੰਜਾਬੀ ਅਤੇ ਉਰਦੂ ਸਾਹਿ-ਤਕਾਰ ਪਿਆਰਾ ਸਿੰਘ ਨਾਲ ਹੋਈ ਸੀ। ਮੁਨੀਰ ਹੁਸ਼ਿਆਰਪੁਰੀਆ ਅਨੁਸਾਰ ਉਸ ਮੁਲਾਕਾਤ ਵੇਲੇ ਪਿਆਰਾ ਸਿੰਘ ਨੇ ਪਾਕਿਸਤਾਨ ਦੇ ਜ਼ਿਲ੍ਹਾ ਵਿਹਾੜੀ ਦੀ ਤਹਿਸੀਲ ਬੂਰੇਵਾਲਾ ਦੇ ਚੱਕ 25 'ਚ ਆਪਣੀ ਜਨਮ ਭੋਇੰ ਵੇਖਣ ਦੀ ਇੱਛਾ ਜ਼ਾਹਰ ਕੀਤੀ ਅਤੇ ਇਹ ਵੀ ਕਿਹਾ ਕਿ ਪਾਕਿ ਜਾਣ ਲਈ ਉਹ ਦਿੱਲੀ ਜਾ ਕੇ ਪਾਕਿ ਹਾਈ ਕਮਿਸ਼ਨ ਤੋਂ ਵੀਜ਼ਾ ਲੈਣ ਤੋਂ ਅਸਮਰਥ ਹਨ। ਇਸ ਦੇ ਬਾਅਦ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਦੁਵੱਲੇ ਸਮਝੌਤੇ ਹੇਠ ਆਪੋ-ਆਪਣੇ ਦੇਸ਼ ਦੇ 65 ਸਾਲਾਂ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕਾਂ ਲਈ ਅਟਾਰੀ-ਵਾਹਗਾ ਸਰਹੱਦ 'ਤੇ ਆਨ-ਅਰਾਈਵਲ ਵੀਜ਼ਾ ਦੇਣ ਦੀ ਸੁਵਿਧਾ ਸ਼ੁਰੂ ਹੋਣ ਦਾ ਲਾਹਾ ਲੈਂਦਿਆਂ ਪਿਆਰਾ ਸਿੰਘ ਕੁਝ ਤਕਨੀਕੀ ਰੁਕਾਵਟਾਂ ਦਾ ਸਾਹਮਣਾ ਕਰਦੇ ਹੋਏ ਕੱਲ੍ਹ ਪਾਕਿਸਤਾਨ ਪਹੁੰਚ ਗਏ, ਜਿੱਥੇ ਬੂਰੇਵਾਲਾ ਕਾਲਜ ਦੇ ਪ੍ਰਬੰਧਕਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇਸ ਦੇ ਬਾਅਦ ਉਨ੍ਹਾਂ ਬੂਰੇਵਾਲਾ ਦੇ ਚੱਕ 317 ਈ ਬੀ ਵਿੱਚ ਦੀਵਾਨ ਬਾਬਾ ਸ਼ੇਰ ਅਲੀ ਦੇ ਟਿੱਬੇ ਉੱਤੇ ਗੁਰਦੁਆਰਾ ਪਹਿਲੀ ਪਾਤਸ਼ਾਹੀ ਦੇ ਦਰਸ਼ਨ ਕੀਤੇ ਅਤੇ ਆਪਣੇ ਪਿੰਡ ਚੱਕ 25 ਦੇ ਵਸਨੀਕਾਂ ਨਾਲ ਯਾਦਗਾਰਾਂ ਵੀ ਸਾਂਝੀਆਂ ਕੀਤੀਆਂ।

ਵਰਨਣ ਯੋਗ ਹੈ ਕਿ ਦੋਵੇਂ ਮੁਲਕਾਂ ਦੇ ਬਜ਼ੁਰਗ ਨਾਗਰਿਕਾਂ ਨੂੰ ਵੀਜ਼ੇ ਲਈ ਦਿੱਲੀ ਜਾਂ ਇਸਲਾਮਾਬਾਦ ਜਾਣ ਦੀ ਛੋਟ ਦੇਣ ਲਈ ਹੋਏ ਦੁਵੱਲੇ ਸਮਝੌਤੇ ਹੇਠ ਦੋ-ਤਿੰਨ ਸਾਲ ਤੋਂ ਉਨ੍ਹਾਂ ਨੂੰ ਵਾਹਗਾ-ਅਟਾਰੀ ਵਿਖੇ ਆਨ ਅਰਾਈਵਲ ਵੀਜ਼ਾ ਦੇਣ ਦੀ ਸੁਵਿਧਾ ਸ਼ੁਰੂ ਹੋਈ ਹੈ, ਪਰ ਇਹ ਦੁਵੱਲਾ ਸਮਝੌਤਾ ਅਤੇ ਬਜ਼ੁਰਗ ਨਾਗਰਿਕਾਂ ਨੂੰ ਦਿੱਤੀ ਜਾਣ ਵਾਲੀ ਸੁਵਿਧਾ ਸਿਰਫ ਕਾਗਜ਼ੀ ਕਾਰਵਾਈ ਤੱਕ ਸੀਮਿਤ ਸੀ। ਪਤਾ ਲੱਗਾ ਹੈ ਕਿ ਆਨ-ਅਰਾਈਵਲ ਵੀਜ਼ਾ ਬਾਰੇ ਦੋਵੇਂ ਮੁਲਕਾਂ ਦੀਆਂ ਏਜੰਸੀਆਂ ਤੇ ਵਿਭਾਗਾਂ ਵੱਲੋਂ ਕਈ ਤਰ੍ਹਾਂ ਦੀਆਂ ਅੜਚਨਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ, ਜਿਸ ਕਾਰਨ ਕਈ ਕੋਸ਼ਿਸ਼ਾਂ ਦੇ ਬਾਅਦ ਵੀ ਬਜ਼ੁਰਗ ਨਾਗਰਿਕ ਇਸ ਦਾ ਲਾਹਾ ਲੈਂਦਿਆਂ ਭਾਰਤ-ਪਾਕਿਸਤਾਨ 'ਚ ਆਪਣੀ ਜਨਮ ਭੋਇੰ ਵੇਖਣ ਤੋਂ ਅਸਮਰਥ ਹਨ। ਆਨ-ਅਰਾਈਵਲ ਵੀਜ਼ਾ ਦੀ ਸੁਵਿਧਾ ਲੈਣ ਲਈ ਸ਼ਨਾਖਤੀ ਕਾਰਡ, ਬਿਜਲੀ ਦਾ ਬਿੱਲ, ਗਜ਼ਟਿਡ ਅਧਿਕਾਰੀ ਵੱਲੋਂ ਜਾਰੀ ਪੱਤਰ ਅਤੇ ਉਸ ਦਾ ਸ਼ਨਾਖਤੀ ਕਾਰਡ ਅਤੇ ਉਮਰ ਸੰਬੰਧੀ ਉਚਿਤ ਦਸਤਾਵੇਜ਼ ਦਾ ਹੋਣਾ ਜ਼ਰੂਰੀ ਹੈ।

## 'ਜਾਗੋ ਪਾਰਟੀ' ਵੱਲੋਂ ਡੇਰਾ ਰਾਧਾ ਸੁਆਮੀ ਦੇ ਵਿਰੁੱਧ ਕਾਨੂੰਨੀ ਜੰਗ ਦਾ ਐਲਾਨ

ਜਲੰਧਰ, 24 ਨਵੰਬਰ (ਪੋਸਟ ਬਿਊਰੋ)- ਜਾਗੋ ਪਾਰਟੀ ਨੇ ਐਲਾਨ ਕੀਤਾ ਹੈ ਕਿ ਉਹ ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਇਸ ਦੇ ਨਾਲ ਵਗਦੇ ਬਿਆਸ ਦਰਿਆ ਦੇ ਕੁਦਰਤੀ ਵਹਾਅ ਨੂੰ ਮੋੜਨ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਕੀਤੇ ਕਬਜ਼ੇ ਨੂੰ ਛੁਡਾਉਣ ਲਈ ਕਾਨੂੰਨੀ ਲੜਾਈ ਦੀ ਤਿਆਰੀ ਕਰ ਰਹੀ ਹੈ।

ਇਹ ਫੈਸਲਾ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਲੋਕ ਭਲਾਈ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਵਿਚਾਲੇ ਬੈਠਕ ਵਿੱਚ ਲਿਆ ਗਿਆ। ਵਰਨਣ ਯੋਗ ਹੈ ਕਿ ਡੇਰੇ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਕਬਜ਼ੇ ਕੀਤੀ ਇਸ ਜ਼ਮੀਨ ਨੂੰ ਛੁਡਾਉਣ ਲਈ ਬਲਦੇਵ ਸਿੰਘ ਸਿਰਸਾ ਕਈ ਦਹਾਕਿਆਂ ਤੋਂ ਕਾਨੂੰਨੀ ਲੜਾਈ ਲੜ ਰਹੇ ਹਨ ਅਤੇ ਆਪਣੇ ਅੰਦੋਲਨ ਕਾਰਨ ਕਈ ਦਿਨ ਜੇਲ੍ਹ ਵਿੱਚ ਵੀ ਕੱਟ ਆਏ ਹਨ।

ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਉਨ੍ਹਾਂ ਨੂੰ ਬਲਦੇਵ ਸਿੰਘ ਸਿਰਸਾ ਤੇ ਉਨ੍ਹਾਂ ਦੇ ਨਾਲ ਆਏ ਪੀੜਤ ਕਿਸਾਨਾਂ ਨੇ ਡੇਰੇ ਦੇ ਮਾਫੀਆ ਤੰਤਰ ਬਾਰੇ ਸਮਝਾਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਦਲੇ ਹੋਏ ਵਹਿਣ ਦੇ ਕਾਰਨ ਬਿਆਸ ਦਰਿਆ ਦਾ ਕਿਨਾਰਾ ਬਦਲ ਗਿਆ ਅਤੇ ਡੇਰੇ ਨੇ ਇਸ ਦਾ ਲਾਭ ਉਠਾ ਕੇ ਪ੍ਰਸ਼ਾਸਨ ਦੇ ਨਾਲ ਗਠਜੋੜ ਕਰ ਕੇ ਡੇਰੇ ਦੀਆਂ ਜ਼ਮੀਨਾਂ ਨਾਲ ਦੀਆਂ ਕਿਸਾਨਾਂ ਦੀਆਂ ਜ਼ਮੀਨਾਂ ਉੱਤੇ ਕਬਜ਼ਾ ਕੀਤਾ ਹੈ ਅਤੇ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਵੋਟ ਬੈਂਕ ਦੇ ਲਾਲਚ ਵਿੱਚ ਯੋਗਦਾਨ ਦਿੱਤਾ ਹੈ। ਇਹੀ ਕਾਰਨ ਹੈ ਕਿ ਬਲਦੇਵ ਸਿੰਘ ਸਿਰਸਾ ਦੇ ਇਸ ਮੋਰਚੇ ਵਿੱਚ ਅਕਾਲੀ ਅਤੇ ਕਾਂਗਰਸੀ ਸਹਿਯੋਗ ਜਾਂ ਸਮਰਥਨ ਦੇਣ ਦੀ ਥਾਂ ਡੇਰੇ ਨੂੰ ਸਿਆਸੀ ਹਿਫਾਜ਼ਤ ਦਿੰਦੇ ਰਹੇ ਹਨ। ਮਨਜੀਤ ਸਿੰਘ ਜੀ ਕੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਨਿਸ਼ਾਨਾ ਵੋਟਾਂ ਦੀ ਸਿਆਸਤ ਦੀ ਜਗ੍ਹਾ ਪੰਜਾਬ ਦੇ ਪਾਣੀਆਂ ਤੇ ਜ਼ਮੀਨਾਂ ਉੱਤੇ ਕਬਜ਼ਾ ਕਰਦੇ ਮਾਫੀਆ ਨੂੰ ਕਾਨੂੰਨੀ ਤਰੀਕੇ ਨਾਲ ਨੰਗਾ ਕਰਨ ਦਾ ਹੈ ਅਤੇ ਉਨ੍ਹਾਂ ਦੀ ਲੀਗਲ ਟੀਮ ਇਸ ਮਾਮਲੇ ਵਿੱਚ ਸਾਰੀਆਂ ਕਾਨੂੰਨੀ ਸੰਭਾਵਨਾਵਾਂ ਵੇਖ ਕੇ ਜ਼ਰੂਰੀ ਕਾਨੂੰਨੀ ਕਾਰਵਾਈ ਸ਼ੁਰੂ ਕਰੇਗੀ।

## ਸੁਖਬੀਰ ਬਾਦਲ ਨੇ ਢਿੱਲਵਾਂ ਕਤਲ ਕੇਸ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਉਠਾਇਆ



ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਗੁਰਦਾਸਪੁਰ ਜ਼ਿਲੇ ਦੇ ਦਲਬੀਰ ਸਿੰਘ ਢਿਲਵਾਂ ਨੇ ਕਤਲ ਕੇਸ ਵਿੱਚ ਕਮਿਸ਼ਨ ਬਟਾਲਾ ਦੇ ਐੱਸ ਐੱਸ ਪੀ ਨੂੰ ਨਿਰਦੇਸ਼ ਦੇਵੇ ਕਿ ਉਹ ਤੁਰੰਤ ਪੀੜਤ ਪਰਵਾਰ ਦੇ ਬਿਆਨ ਦਰਜ ਕਰੇ ਅਤੇ ਇਸ ਸਿਆਸੀ ਕਤਲ ਕੇਸ ਵਿੱਚ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਖਿਲਾਫ ਪਰਚਾ ਦਰਜ ਕਰਨ ਦੀ ਕਾਰਵਾਈ ਕਰੇ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਜਸਟਿਸ ਐੱਚ ਐੱਲ ਦੱਤੂ ਨੂੰ ਲਿਖੀ ਚਿੱਠੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਪੀਲ ਕੀਤੀ ਕਿ ਉਹ ਬਟਾਲਾ ਦੇ ਐੱਸ ਐੱਸ ਪੀ ਉਪਿੰਦਰਜੀਤ ਸਿੰਘ ਘੁੰਮਣ ਨੂੰ ਇਸ ਕਤਲ ਦੀ ਘਟਨਾ ਦੇ ਪੀੜਤ ਪਰਵਾਰ ਦੇ ਬਿਆਨ ਦਰਜ ਕਰਨ ਤੇ ਇਨ੍ਹਾਂ ਬਿਆਨਾਂ ਮੁਤਾਬਕ ਪਰਚਾ ਦਰਜ ਕਰਨ ਦਾ ਨਿਰਦੇਸ਼ ਦੇਣ। ਉਨ੍ਹਾਂ ਦੱਸਿਆ ਕਿ ਸਥਾਨਕ ਪੁਲਸ ਪੀੜਤ ਪਰਵਾਰ ਦੇ ਬਿਆਨ ਦਰਜ ਕਰਨ ਤੋਂ ਨਾਂਹ ਕਰ ਰਹੀ ਹੈ ਅਤੇ ਇਸ ਬਾਰੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਤੱਕ ਪਹੁੰਚ ਦਾ ਵੀ ਕੋਈ ਸਿੱਟਾ ਨਹੀਂ ਨਿਕਲਿਆ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬਟਾਲਾ ਪੁਲਸ ਇਸ ਕੇਸ ਵਿੱਚ ਇਸ ਲਈ ਕਾਰਵਾਈ ਨਹੀਂ ਕਰਦੀ ਅਤੇ ਪੀੜਤ ਦਲਬੀਰ ਸਿੰਘ ਢਿੱਲਵਾਂ ਦੇ ਪੁੱਤਰ ਸੰਦੀਪ ਸਿੰਘ ਨੇ ਪੰਜਾਬ ਦੇ ਡੀ ਜੀ ਪੀ ਨੂੰ ਲਿਖੀ ਚਿੱਠੀ ਵਿੱਚ ਦੋਸ਼ ਲਾਇਆ ਹੈ ਕਿ ਉਸ ਦੇ ਪਿਤਾ ਦਾ ਕਤਲ ਇਲਾਕੇ ਦੇ ਵਿਧਾਇਕ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਸਰਪ੍ਰਸਤੀ ਮਾਣਦੇ ਕਾਂਗਰਸੀਆਂ ਨੇ ਕੀਤਾ ਹੈ। ਸੰਦੀਪ ਨੇ ਇਹ ਵੀ ਕਿਹਾ ਹੈ ਕਿ ਉਸ ਦੇ ਪਿਤਾ ਦਾ ਕਤਲ ਸਾਲ 2004 ਦੀਆਂ ਪਾਰਲੀਮੈਂਟਰੀ ਚੋਣਾਂ ਦੌਰਾਨ ਵਾਪਰੀ ਘਟਨਾ ਦਾ ਬਦਲਾ ਲੈਣ ਲਈ ਕੀਤਾ ਗਿਆ ਹੈ, ਜਦੋਂ ਸੁਖਜਿੰਦਰ ਸਿੰਘ ਰੰਧਾਵਾ ਦੀ ਦਸਤਾਰ ਲੱਥ ਗਈ ਸੀ। ਸੰਦੀਪ ਨੇ ਦੱਸਿਆ ਕਿ ਉਸ ਘਟਨਾ ਲਈ ਮੰਤਰੀ ਨੇ ਢਿੱਲਵਾਂ ਪਰਵਾਰ ਨੂੰ ਜ਼ਿੰਮੇਵਾਰ ਕਿਹਾ ਸੀ ਅਤੇ ਉਸ ਦੇ ਦਾਦਾ ਸੰਤ ਸਿੰਘ ਨੂੰ ਧਮਕੀ ਦਿੱਤੀ ਸੀ ਕਿ ਉਹ ਦੋ ਬੇਟੇ ਗੁਆ ਚੁੱਕਾ ਹੈ ਤੇ ਜਲਦੀ ਹੀ ਇੱਕ ਹੋਰ ਬੇਟਾ ਗੁਆ ਦੇਵੇਗਾ। ਸੁਖਬੀਰ ਸਿੰਘ ਬਾਦਲ ਨੇ ਕਮਿਸ਼ਨ ਦੇ ਮੁਖੀ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਕਿ ਪੀੜਤ ਪਰਵਾਰ ਦੇ ਮੁਤਾਬਕ ਬਟਾਲਾ ਦਾ ਐੱਸ ਐੱਸ ਪੀ ਉਪਿੰਦਰਜੀਤ ਸਿੰਘ ਘੁੰਮਣ ਵੀ ਕਾਂਗਰਸੀ ਬੁਲਾਰੇ ਵਾਂਗ ਕੰਮ ਕਰਦਾ ਹੈ। ਪਰਵਾਰ ਨੇ ਦੱਸਿਆ ਕਿ ਦਲਬੀਰ ਦੇ ਕਤਲ ਤੋਂ 15 ਮਿੰਟ ਬਾਅਦ ਐੱਸ ਐੱਸ ਪੀ ਨੇ ਇਹ ਬਿਆਨ ਦੇ ਦਿੱਤਾ ਸੀ ਕਿ ਇਹ ਕੋਈ ਸਿਆਸੀ ਕਤਲ ਨਹੀਂ। ਉਨ੍ਹਾਂ ਕਿਹਾ ਕਿ ਪਰਵਾਰ ਦੇ ਮੁਤਾਬਕ ਇਸ ਕਤਲ ਵਿੱਚ ਇਲਾਕੇ ਦੇ ਨਾਮੀ ਬਦਮਾਸ਼ ਜੱਗੂ ਭਗਵਾਨਪੁਰੀਆ ਦਾ ਹੱਥ ਹੈ। ਇਸ ਪੀੜਤ ਪਰਵਾਰ ਨੇ ਇਹ ਵੀ ਦੱਸਿਆ ਕਿ ਸੀਨੀਅਰ ਪੁਲਸ ਅਧਿਕਾਰੀਆਂ ਦੇ ਬਿਆਨਾਂ ਮੁਤਾਬਕ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਨਿਗਰਾਨੀ ਹੇਠ ਜੱਗੂ ਨੂੰ ਜੇਲ੍ਹ ਵਿੱਚ ਬੈਠ ਕੇ ਆਪਣੇ ਜੁਰਮ ਦਾ ਧੰਦਾ ਚਲਾਉਣ ਦੀ ਖੁੱਲ੍ਹ ਮਿਲੀ ਹੋਈ ਹੈ।

## ਆਮ ਆਦਮੀ ਪਾਰਟੀ ਦੇ ਤਿੰਨ ਦਲ ਬਦਲੂ ਵਿਧਾਇਕਾਂ ਨੇ ਸਪੀਕਰ ਤੋਂ ਨਵੀਂ ਤਰੀਕ ਮੰਗੀ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਦੇ ਤਿੰਨ ਦਲ ਬਦਲੂ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਤੋਂ ਦਲ ਬਦਲ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਦੋਸ਼ ਵਿੱਚ ਪੇਸ਼ੀ ਲਈ ਨਵੀਂ ਤਰੀਕ ਮੰਗੀ ਹੈ। ਵਿਧਾਨ ਸਭਾ ਸਕੱਤਰੇਤ ਤੋਂ ਮਿਲੀ ਸੂਚਨਾ ਅਨੁਸਾਰ ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ, ਜੈਤੋ ਤੋਂ ਮਾਸਟਰ ਨੂੰ ਬਲਦੇਵ ਸਿੰਘ ਅਤੇ ਰੋਪੜ ਤੋਂ ਅਮਰਜੀਤ ਸਿੰਘ ਸੰਦੋਆ ਨੂੰ 31 ਦਸੰਬਰ ਤੱਕ ਜਵਾਬ ਦੇਣ ਲਈ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਅੱਜ ਤੱਕ ਇਹ ਕਿਉਂ ਨਹੀਂ ਦੱਸਿਆ ਕਿ ਸਾਨੂੰ ਕਿਹੜੇ ਹਾਲਾਤ ਵਿੱਚ ਆਮ ਆਦਮੀ ਪਾਰਟੀ ਨੂੰ ਛੱਡ ਕੇ ਦੂਜੀਆਂ ਪਾਰਟੀਆਂ ਦਾ ਪੱਲਾ ਫੜਨਾ ਪਿਆ ਸੀ।

ਵਰਨਣ ਯੋਗ ਹੈ ਕਿ ਅਮਰਜੀਤ ਸਿੰਘ ਸੰਦੋਆ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਸੀ ਅਤੇ ਕੱਲ੍ਹ ਉਨ੍ਹਾਂ ਬਗੈਰ ਕੋਈ ਕਾਰਨ ਦੱਸੇ ਅਸਤੀਫਾ ਵਾਪਸ ਲੈ ਲਿਆ ਹੈ। ਉਨ੍ਹਾਂ ਦੱਸਿਆ ਸੀ ਕਿ ਮੈਂ ਆਪਣੇ ਕੇਸ ਬਾਰੇ ਆਪਣੀ ਪੁਜੀਸ਼ਨ ਬਾਅਦ ਵਿੱਚ ਸਪੱਸ਼ਟ ਕਰਾਂਗਾ, ਪਰ ਉਹ ਅਜੇ ਤੱਕ ਚੁੱਪ ਬੈਠੇ ਹਨ। ਓਧਰ ਸੁਖਪਾਲ ਸਿੰਘ ਖਹਿਰਾ ਵੀ ਆਪਣਾ ਅਸਤੀਫਾ ਵਾਪਸ ਲੈ ਚੁੱਕੇ ਹਨ। ਉਨ੍ਹਾਂ ਦੇ ਸਾਥੀ ਵਿਧਾਇਕ ਬਲਦੇਵ ਸਿੰਘ ਜੈਤੋ ਨੇ ਵੀ ਲੋਕ ਸਭਾ ਚੋਣ ਮੌਕੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਸੁਖਪਾਲ ਸਿੰਘ ਖਹਿਰਾ ਵੱਲੋਂ ਨਵੀਂ ਬਣਾਈ ਪੰਜਾਬ ਏਕਤਾ ਪਾਰਟੀ ਦੀ ਟਿਕਟ 'ਤੇ ਫ਼ਰੀਦਕੋਟ ਤੋਂ ਚੋਣ ਲੜੀ, ਪਰ ਬੁਰੀ ਤਰ੍ਹਾਂ ਹਾਰ ਗਏ ਸਨ। ਏਸੇ ਤਰ੍ਹਾਂ ਸੁਖਪਾਲ ਸਿੰਘ ਖਹਿਰਾ ਵੀ ਬਠਿੰਡਾ ਹਲਕੇ ਤੋਂ ਨਾ ਕੇਵਲ ਹਾਰ ਗਏ, ਸਗੋਂ ਉਹ ਅਤੇ ਬਲਦੇਵ ਸਿੰਘ ਫਰੀਦਕੋਟ ਤੋਂ ਜ਼ਮਾਨਤ ਵੀ ਜ਼ਬਤ ਕਰਵਾ ਬੈਠੇ ਸਨ। ਆਮ ਆਦਮੀ ਪਾਰਟੀ ਦੇ ਵਿਧਾਇਕ ਦਲ ਦੇ ਚੀਫ ਵ੍ਹਿਪ ਕੁਲਤਾਰ ਸਿੰਘ ਸੰਧਵਾ ਦਾ ਕਹਿਣਾ ਹੈ ਕਿ ਬਲਦੇਵ ਸਿੰਘ ਜੈਤੋ ਨੇ ਆਪਣੀ ਗਲਤੀ ਮੰਨ ਕੇ ਪਾਰਟੀ ਵਿੱਚ ਵਾਪਸ ਆਉਣ ਦਾ ਫੈਸਲਾ ਕੀਤਾ ਹੈ, ਪਰ ਇਸ ਦਾ ਸਪੀਕਰ ਦੇ ਸਕੱਤਰੇਤ ਵਿੱਚ ਕੋਈ ਰਿਕਾਰਡ ਨਹੀਂ ਅਤੇ ਨਵੀਂ ਪੇਸ਼ੀ ਲਈ 31 ਦਸੰਬਰ ਦੀ ਤਰੀਕ ਪਾਈ ਗਈ ਹੈ। ਇਹ ਤਿੰਨੇ ਕੇਸ ਦਲ ਬਦਲ ਵਿਰੋਧੀ ਕਾਨੂੰਨ ਦੀ ਉਲੰਘਣਾ ਨਾਲ ਸਬੰਧਤ ਹਨ।

ਮਾਨਸਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਨਿਕ ਨਾਜ਼ਰ ਸਿੰਘ ਮਾਨਸ਼ਾਹੀਆਂ ਵੀ ਲੋਕ ਸਭਾ ਚੋਣ ਸਮੇਂ ਪਾਰਟੀ ਨੂੰ ਛੱਡ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ, ਪਰ ਉਨ੍ਹਾਂ ਅਜੇ ਤੱਕ ਵਿਧਾਇਕੀ ਤੋਂ ਅਸਤੀਫਾ ਨਹੀਂ ਦਿੱਤਾ ਤੇ ਨਾ ਅਜੇ ਤੱਕ ਸਪੀਕਰ ਸਾਹਮਣੇ ਪੇਸ਼ ਹੋਏ ਹਨ। ਉਹ ਵੀ ਤਰੀਕਾਂ ਮੰਗ ਰਹੇ ਹਨ।

## ਕਾਂਗਰਸ ਵਿਧਾਇਕ ਜਲਾਲਪੁਰ ਵੱਲੋਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਉਤੇ ਕਿੰਤੂ

ਚੰਡੀਗੜ੍ਹ, 24 ਨਵੰਬਰ, (ਪੋਸਟ ਬਿਊਰੋ)- ਹਲਕਾ ਘਨੌਰ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਸਵਾਲ ਉਠਾਉਂਦੇ ਹੋਏ ਅਫਸਰਸ਼ਾਹੀ ਦੇ ਭਾਰੂ ਹੋਣ ਦੇ ਦੋਸ਼ ਲਾਏ ਤੇ ਇਥੋਂ ਤਕ ਕਹਿ ਦਿੱਤਾ ਕਿ ਕਾਂਗਰਸ ਦੀ ਨਹੀਂ, ਅਫਸਰਾਂ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵਿੱਚ ਸਾਡੇ ਵਰਕਰਾਂ ਦੀ ਸੁਣਵਾਈ ਨਹੀਂ ਹੋ ਰਹੀ, ਜੇ ਸਾਡੀ ਸੁਣਵਾਈ ਹੁੰਦੀ ਤਾਂ ਸਾਡੇ ਬੰਦਿਆਂ ਦੀ ਵੱਢ-ਟੁੱਕ ਨਾ ਹੁੰਦੀ, ਅੱਜ ਵੀ ਅਕਾਲੀਆਂ ਦੀ ਹੀ ਸੁਣਵਾਈ ਹੋ ਰਹੀ ਹੈ।

ਵਿਧਾਇਕ ਮਦਨ ਲਾਲ ਜਲਾਲਪੁਰ ਇਹ ਕਹਿਣ ਤੱਕ ਵੀ ਚਲੇ ਗਏ ਕਿ ਪਿਛਲੀ ਵਾਰੀ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਬਣੀ ਸੀ ਤਾਂ ਉਸ ਦਾ ਪੂਰਾ ਦਬਦਬਾ ਸੀ, ਪਰ ਅੱਜਕੱਲ੍ਹ ਅਫਸਰਸ਼ਾਹੀ ਹੀ ਸਰਕਾਰ ਚਲਾ ਰਹੀ ਹੈ। ਉਨ੍ਹਾ ਨੇ ਕਿਹਾ ਕਿ ਕਾਂਗਰਸੀ ਵਰਕਰਾਂ ਦੀ ਵੱਢ-ਟੁੱਕ ਹੋ ਗਈ ਅਤੇ ਪੁਲਿਸ ਨੇ ਖਾਸ ਕਾਰਵਾਈ ਨਹੀਂ ਕੀਤੀ, ਇਹ ਪਹਿਲਾਂ 10 ਸਾਲ ਧੱਕੇ ਖਾਂਦੇ ਰਹੇ ਅਤੇ ਥਾਣਿਆਂ ਵਿਚ ਬੰਦ ਹੋਣ ਲਈ ਮਜਬੂਰ ਰਹੇ ਸਨ। ਜਲਾਲਪੁਰ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕਿਹਾ ਕਿ ਜੇ ਉਹ ਵਿਧਾਇਕਾਂ ਦੀ ਸੁਣਵਾਈ ਨਹੀਂ ਕਰਦੇ ਤਾਂ ਵਰਕਰਾਂ ਨਾਲ ਇਹੋ ਕੁਝ ਹੋਵੇਗਾ। ਜਲਾਲਪੁਰ ਨੇ ਕਿਹਾ ਕਿ ਇਸ ਦਾ ਹੱਲ ਇਹ ਹੈ ਕਿ ਕੈਪਟਨ ਸਾਹਿਬ ਅਤੇ ਮੰਤਰੀ ਤਕੜੇ ਹੋਣ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲੇ ਵਿਚ ਭ੍ਰਿਸ਼ਟ ਅਫਸਰ ਲੱਗੇ ਹੋਏ ਹਨ, ਪੈਸੇ ਲੈ ਕੇ ਕੰਮ ਕਰਦੇ ਹਨ।

ਵਰਨਣ ਯੋਗ ਹੈ ਕਿ ਮਦਨ ਲਾਲ ਜਲਾਲਪੁਰ ਨੇ ਪਹਿਲਾਂ ਜ਼ਿਲਾ ਸ਼ਿਕਾਇਤ ਕਮੇਟੀ ਵਿੱਚ ਅਫਸਰਾਂ ਬਾਰੇ ਏਦਾਂ ਦੀ ਚਾਂਦਮਾਰੀ ਕੀਤੀ ਅਤੇ ਅਗਲੇ ਦਿਨ ਪ੍ਰੈੱਸ ਸਾਹਮਣੇ ਇਹ ਕੁਝ ਕਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਵਿਚ ਕਾਂਗਰਸੀ ਆਗੂਆਂ, ਵਿਧਾਇਕਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸਾਲ 2002 ਤੋਂ 2007 ਤੱਕ ਕੈਪਟਨ ਅਮਰਿੰਦਰ ਸਿੰਘ ਦਾ ਬੋਲਬਾਲਾ ਸੀ, ਪਰ ਅੱਜ ਕੱਲ੍ਹ ਉਹ ਨਹੀਂ ਹੈ।

ਉਂਜ ਮਦਨ ਲਾਲ ਜਲਾਲਪੁਰ ਤੋਂ ਪਹਿਲਾਂ ਅਮਰਗੜ੍ਹ ਤੋਂ ਕਾਂਗਰਸੀ ਵਿਧਾਇਕ ਸੁਰਜੀਤ ਧੀਮਾਨ, ਬੱਲੂਆਣਾ ਤੋਂ ਵਿਧਾਇਕ ਨੱਥੂ ਰਾਮ, ਜ਼ੀਰੇ ਤੋਂ ਕੁਲਬੀਰ ਸਿੰਘ ਜ਼ੀਰਾ ਵੀ ਜਨਤਕ ਸਮਾਗਮਾਂ ਵਿੱਚ ਸਰਕਾਰ ਦੀ ਹਾਲਤ ਉੱਤੇ ਏਦਾਂ ਦੇ ਸਵਾਲ ਕਰ ਚੁੱਕੇ ਹਨ। ਸੁਰਜੀਤ ਸਿੰਘ ਧੀਮਾਨ ਨੇ ਸ਼ਰ੍ਹੇਆਮ ਨਸ਼ਾ ਵਿਕਣ ਦੀ ਗੱਲ ਕਹਿ ਕੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਸੀ ਅਤੇ ਪਿਛਲੇ ਵਿਧਾਨ ਸਭਾ ਸੈਸ਼ਨ ਦੌਰਾਨ ਕੁਲਬੀਰ ਸਿੰਘ ਜ਼ੀਰਾ ਤੇ ਰਾਜਾ ਵੜਿੰਗ ਨੇ ਕਈ ਮੁੱਦਿਆਂ ਉੱਤੇ ਆਪਣੀ ਸਰਕਾਰ ਦਾ ਵਿਰੋਧ ਕੀਤਾ ਸੀ।

## ਆਰਮੀਨੀਆ ਤੋਂ ਹਵਾਲਗੀ ਰਾਹੀਂ ਲਿਆਂਦਾ ਸੁਖਪ੍ਰੀਤ ਬੁੱਢਾ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ

*** ਅਦਾਲਤ ਵਿੱਚ ਪੇਸ਼ੀ ਉੱਤੇ ਸੱਤ ਦਿਨਾਂ ਦਾ ਪੁਲਸ ਰਿਮਾਂਡ ਮਿਲਿਆ**



ਮੋਹਾਲੀ, 24 ਨਵੰਬਰ, (ਪੋਸਟ ਬਿਊਰੋ)- ਅਰਮੀਨੀਆ ਤੋਂ ਹਵਾਲਗੀ ਪ੍ਰਕਿਰਿਆ ਰਾਹੀਂ ਲਿਆਂਦੇ ਗੈਂਗਸਟਰ ਸੁਖਪ੍ਰੀਤ ਸਿੰਘ ਬੁੱਢਾ ਨੂੰ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਕਤਲ, ਡਾਕੇ ਵਰਗੇ ਕਈ ਕੇਸਾਂ ਵਿਚ ਪੰਜਾਬ ਤੇ ਹਰਿਆਣਾ ਦੀ ਪੁਲਿਸ ਨੂੰ ਲੋੜੀਂਦਾ ਸੁਖਪ੍ਰੀਤ ਬੁੱਢਾ ਸ਼ਨਿਚਰਵਾਰ ਸ਼ਾਮ ਨੂੰ ਮੋਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਪੁਲਿਸ ਦੀ ਮੰਗ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਉਸ ਨੂੰ ਸੱਤ ਦਿਨਾਂ ਦੇ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਹੈ।

ਦੱਸਿਆ ਜਾਂਦਾ ਹੈ ਕਿ ਗੈਂਗਸਟਰ ਸੁਖਪ੍ਰੀਤ ਬੁੱਢਾ ਨੇ ਕਿਸੇ ਸਮੇਂ ਹਿੰਦੂ ਨੇਤਾ ਅਤੇ ਸ਼ਿਵ ਸੇਨਾ ਹਿੰਦ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਸੀ, ਜਿਸ ਦੀ ਆਡੀਓ ਵਾਇਰਲ ਹੋਈ ਤੇ ਉਸ ਦੇ ਖ਼ਿਲਾਫ਼ ਥਾਣਾ ਸਿਟੀ ਖਰੜ ਵਿਖੇ ਇਰਾਦਾ ਕਤਲ (307 ਆਈ ਪੀ ਸੀ) ਦਾ ਕੇਸ ਦਰਜ ਹੋਇਆ ਸੀ। ਅਦਾਲਤ ਦੇ ਅੱਜ ਦੇ ਹੁਕਮ ਮੁਤਾਬਕ ਸੁਖਪ੍ਰੀਤ ਬੁੱਢਾ ਅਗਲੀ 30 ਨਵੰਬਰ ਤਕ ਪੁਲਸ ਰਿਮਾਂਡ ਉੱਤੇ ਰਹੇਗਾ ਅਤੇ ਜਾਂਚ ਵਿੱਚ ਕਈ ਵੱਡੇ ਖ਼ੁਲਾਸੇ ਹੋਣ ਦੀ ਆਸ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਉੱਤੇ ਹੋਏ ਹਮਲੇ ਵਿਚ ਵੀ ਗੈਂਗਸਟਰ ਸੁਖਪ੍ਰੀਤ ਬੁੱਢਾ ਸ਼ਾਮਲ ਸੀ। ਮੋਹਾਲੀ ਵਿਚ ਉਸ ਦੇ ਖ਼ਿਲਾਫ਼ ਨਿਸ਼ਾਂਤ ਸ਼ਰਮਾ ਵਾਲਾ ਕੇਸ ਇਸ ਤਰ੍ਹਾਂ ਦਾ ਦੂਸਰਾ ਮਾਮਲਾ ਸੀ, ਜਿਸ ਵਿਚ ਉਸ ਨੇ ਬੰਬ ਨਾਲ਼ ਉਡਾਉਣ ਦੀ ਧਮਕੀ ਦਿੱਤੀ ਸੀ।

ਕਈ ਵਾਰਦਾਤਾਂ ਤੋਂ ਬਾਅਦ ਵਿਦੇਸ਼ ਦੌੜ ਗਏ ਸੁਖਪ੍ਰੀਤ ਸਿੰਘ ਬੁੱਢਾ ਨੂੰ ਅਰਮੀਨੀਆ ਵਿੱਚ ਫੜ ਲਿਆ ਗਿਆ ਤਾਂ ਉਸ ਨੂੰ ਇੰਟਰਪੋਲ ਰਾਹੀਂ ਅਰਮੀਨੀਆ ਤੋਂ ਮੰਗਵਾਇਆ ਗਿਆ ਹੈ। ਖ਼ਬਰ ਹੈ ਕਿ ਮੋਹਾਲੀ ਪੁਲਿਸ ਨੇ ਉਸ ਨੂੰ ਦਿੱਲੀ ਹਵਾਈ ਅੱਡੇ ਤੋਂ ਸ਼ਨੀਵਾਰ ਤੜਕੇ ਗ੍ਰਿਫ਼ਤਾਰ ਕੀਤਾ ਹੈ। ਸੁਖਪ੍ਰੀਤ ਸਿੰਘ ਬੁੱਢਾ ਨੇ ਨਾਭਾ ਜੇਲ੍ਹ ਵਿੱਚ ਹੋਏ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਅਰਮਾਨੀਆ ਵਿੱਚ ਉਸ ਦੇ ਹੋਣ ਦਾ ਪਤਾ ਲੱਗਣ ਤੋਂ ਬਾਅਦ ਪੰਜਾਬ ਪੁਲਿਸ ਨੇ ਓਥੋਂ ਦੀ ਪੁਲਿਸ ਨਾਲ ਤਾਲਮੇਲ ਕੀਤਾ ਅਤੇ ਇੰਟਰਪੋਲ ਰਾਹੀਂ ਉਸ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਸਨ। ਸੁਖਪ੍ਰੀਤ ਸਿੰਘ ਬੁੱਢਾ ਨੂੰ ਸਾਲ 2011 ਵਿਚ ਹੋਏ ਇੱਕ ਕਤਲ ਕੇਸ ਵਿੱਚ ਅਦਾਲਤ ਨੇ ਦੋਸ਼ੀ ਐਲਾਨਿਆ ਸੀ, ਪਰ ਉਹ 2016 ਵਿਚ ਪੈਰੋਲ ਦੌਰਾਨ ਫ਼ਰਾਰ ਹੋ ਗਿਆ ਅਤੇ ਅੱਜ ਤਕ ਭਗੌੜਾ ਚੱਲ ਰਿਹਾ ਸੀ।

## 24 ਸਾਲ ਪੁਰਾਣੇ ਇੱਕ ਕੇਸ ਵਿੱਚੋਂ ਜਗਤਾਰ ਸਿੰਘ ਹਵਾਰਾ ਬਰੀ

ਲੁਧਿਆਣਾ, 24 ਨਵੰਬਰ, (ਪੋਸਟ ਬਿਊਰੋ)- ਚੰਡੀਗੜ੍ਹ ਦੀ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਨੂੰ ਆਰ ਡੀ ਐਕਸ ਅਤੇ ਏ ਕੇ 56 ਰਾਈਫਲ ਦੀ ਬਰਾਮਦੀ ਦੇ ਇੱਕ ਪੁਰਾਣੇ ਕੇਸ ਵਿੱਚ ਅੱਜ ਕੋਰਟ ਨੇ ਬਰੀ ਕਰ ਦਿੱਤਾ ਹੈ। ਇਹ ਫੈਸਲਾ ਅੱਜ ਇਥੇ ਸੈਸ਼ਨ ਜੱਜ ਅਰੁਣ ਵੀਰ ਦੀ ਕੋਰਟ ਨੇ ਐਲਾਨ ਕੀਤਾ ਹੈ। ਇਸ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਕੋਈ ਵੀ ਸਬੂਤ ਪੁਲਿਸ ਪੇਸ਼ ਨਹੀਂ ਕਰ ਸਕੀ।

ਵਰਨਣ ਯੋਗ ਹੈ ਕਿ ਕੋਰਟ ਵਿੱਚ ਇਹ ਕੇਸ ਕਰੀਬ 24 ਤੋਂ ਚੱਲ ਰਿਹਾ ਸੀ। ਕੋਤਵਾਲੀ ਦੀ ਪੁਲਿਸ ਨੇ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਇਹ ਕੇਸ 1995 ਵਿੱਚ ਦਰਜ ਕੀਤਾ ਸੀ, ਜਿਸ ਦੇ ਰੱਦ ਹੋਣ ਪਿੱਛੋਂ ਇਸ ਦੇ ਵਕੀਲ ਜਸਪਾਲ ਸਿੰਘ ਦਾ ਕਹਿਣਾ ਹੈ ਕਿ ਆਰ ਡੀ ਐੱਸ ਅਤੇ ਏ ਕੇ 56 ਰਾਈਫਲ ਦੀ ਬਰਾਮਦਗੀ ਕਰਨ ਦੇ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਪੁਲਿਸ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ।



## ਪਹਿਲੂ ਖਾਨ ਕੇਸ:

# ਹਾਈ ਕੋਰਟ ਨੇ ਹੇਠਲੀ ਅਦਾਲਤ ਦਾ ਰਿਕਾਰਡ ਤਲਬ ਕਰ ਲਿਆ



ਪਹਿਲੂ ਖ਼ਾਨ ਦੀ ਫਾਇਲ ਫੋਟੋ।

ਜੈਪੁਰ, 24 ਨਵੰਬਰ, (ਪੋਸਟ ਬਿਊਰੋ)- ਰਾਜਸਥਾਨ ਵਿੱਚ ਵਾਪਰੇ ਅਤੇ ਸਾਰੇ ਭਾਰਤ ਵਿੱਚ ਚਰਚਿਤ ਹੋਏ ਪਹਿਲੂ ਖ਼ਾਨ ਭੀੜਤੰਤਰ ਹਿੰਸਾ (ਮੌਬ ਲਿੰਚਿੰਗ) ਕੇਸ ਵਿੱਚ ਪਹਿਲੂ ਖ਼ਾਨ ਦੇ ਪਰਿਵਾਰ ਨੇ ਰਾਜਸਥਾਨ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਅਤੇ ਅਲਵਰ ਦੀ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਕੋਰਟ ਵੱਲੋਂ ਬਰੀ ਕੀਤੇ ਛੇ ਲੋਕਾਂ ਦੀ ਗ੍ਰਿਫ਼ਤਾਰੀ ਵਾਰੰਟ ਨਾਲ ਤਲਬ ਕਰ ਕੇ ਅਪੀਲ ਦਾ ਨਿਪਟਾਰਾ ਹੋਣ ਤਕ ਜੇਲ੍ਹ ਵਿੱਚ ਰੱਖਣ ਦੀ ਮੰਗ ਕੀਤੀ ਹੈ। ਇਸ ਕੇਸ ਸੁਣਵਾਈ ਕਰ ਰਹੇ ਹਾਈ ਕੋਰਟ ਦੇ ਜਸਟਿਸ ਮਹਿੰਦਰ ਮਾਹੇਸ਼ਵਰੀ ਅਤੇ ਜਸਟਿਸ ਗੋਵਰਧਨ ਬਾੜ੍ਹਦਾਰ ਦੇ ਬੈਂਚ ਨੇ ਪਹਿਲੂ ਖ਼ਾਨ ਦੇ ਪੁੱਤਰਾਂ ਇਰਸ਼ਾਦ ਅਤੇ ਆਰਿਫ਼ ਦੀ ਅਰਜ਼ੀ ਉੱਤੇ ਸੁਣਵਾਈ ਅਲਵਰ ਦੀ ਅਦਾਲਤ ਦਾ ਰਿਕਾਰਡ ਤਲਬ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਇਕ ਅਪਰੈਲ 2017 ਨੂੰ ਪਹਿਲੂ ਖ਼ਾਨ ਤੇ ਉਸ ਦੇ ਦੋਵੇਂ ਪੁੱਤਰ ਗਾਵਾਂ ਖਰੀਦ ਕੇ ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਆਪਣੇ ਪਿੰਡ ਲਿਜਾ ਰਹੇ ਸਨ। ਇਹ ਗਾਵਾਂ ਜੈਪੁਰ ਨਗਰ ਨਿਗਮ ਦੀ ਪਸ਼ੂ ਮੰਡੀ ਤੋਂ ਖ਼ਰੀਦੀਆਂ ਸਨ। ਰਸਤੇ ਵਿੱਚ ਪਸ਼ੂ ਤਸਕਰੀ ਦੇ ਦੋਸ਼ ਲਾ ਕੇ ਬਹਿਰੋੜ ਥਾਣਾ ਇਲਾਕੇ ਵਿੱਚ ਕਥਿਤ ਗਊ ਭਗਤਾਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਹੱਦੋਂ ਬਾਹਰੀ ਮਾਰਕੁੱਟ ਕੀਤੀ ਸੀ, ਜਿਸ ਨਾਲ ਪਹਿਲੂ ਖ਼ਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਬਾਅਦ ਵਿੱਚ ਇਲਾਜ ਦੇ ਦੌਰਾਨ ਉਸ ਦੀ ਮੌਤ ਹੋ ਗਈ ਸੀ। ਇਸ ਕੇਸ ਦੇ ਦੋਸ਼ੀ ਹੇਠਲੀ ਅਦਾਲਤ ਨੇ ਛੱਡ ਦਿੱਤੇ ਸਨ। ਪਹਿਲੂ ਖਾਨ ਦੇ ਪੁੱਤਰਾਂ ਦੀ ਅਰਜ਼ੀ ਉੱਤੇ ਹਾਈ ਕੋਰਟ ਨੇ ਫਿਰ ਉਨ੍ਹਾਂ ਨੂੰ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਹੇਠਲੀ ਅਦਾਲਤ ਤੋਂ ਇਸ ਕੇਸ ਦਾ ਸਾਰਾ ਰਿਕਾਰਡ ਮੰਗ ਲਿਆ ਅਤੇ ਸੁਣਵਾਈ ਦੇ ਸਮੇਂ ਦੌਰਾਨ ਕੇਸ ਦੇ ਦੋਸ਼ੀਆਂ ਨੂੰ ਜੇਲ੍ਹ ਵਿੱਚ ਰੱਖਣ ਦਾ ਹੁਕਮ ਵੀ ਜਾਰੀ ਕਰ ਦਿੱਤਾ ਹੈ।

# ਜਦੋਂ ਭਾਜਪਾ ਵੱਲੋਂ ਮਹਾਰਾਸ਼ਟਰ ਵਿੱਚ ਅੱਧੀ ਰਾਤ ਵੇਲੇ ਸਿਆਸੀ ਸਟਰਾਈਕ ਹੋਇਆ

## * ਸ਼ਰਦ ਪਵਾਰ ਦਾ ਭਤੀਜਾ ਉਧਾਲ ਕੇ ਆਪਣੀ ਸਰਕਾਰ ਬਣਾ ਲਈ



ਨਵੀਂ ਦਿੱਲੀ, 24 ਨਵੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅਤੇ ਕਾਂਗਰਸ-ਐੱਨ ਸੀ ਪੀ ਗੱਠਜੋੜ ਦੀ ਸਾਂਝੀ ਸਰਕਾਰ ਬਣਾਉਣ ਲਈ ਸੰਭਾਵਨਾ ਬਣਦੀ ਵੇਖ ਕੇ ਭਾਜਪਾ ਨੇ ਸ਼ੁੱਕਰਵਾਰ ਤੇ ਸ਼ਨੀਵਾਰ ਦੀ ਵਿਚਲੀ ਰਾਤ ਚੁੱਪ-ਚਾਪ ਏਦਾਂ ਦਾ 'ਸਿਆਸੀ ਸਰਜੀਕਲ ਸਟਰਾਈਕ' ਕੀਤਾ ਕਿ ਸ਼ਨੀਵਾਰ ਸਵੇਰ ਚੜ੍ਹਨ ਤੱਕ ਆਪਣੇ ਮੌਜੂਦਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਦੋਬਾਰਾ ਮੁੱਖ ਮੰਤਰੀ ਦੀ ਸਹੁੰ ਚੁੱਕਵਾ ਲਈ। ਇਸ ਦੇ ਨਾਲ ਹੀ ਮਹਾਰਾਸ਼ਟਰ ਦੀ ਰਾਜਨੀਤੀ ਦਾ ਧਨੰਤਰ ਕਹੇ ਜਾਂਦੇ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਨੂੰ ਡਿਪਟੀ ਮੁੱਖ ਮੰਤਰੀ ਬਣਾ ਦਿੱਤਾ ਗਿਆ ਤਾਂ ਇਸ ਨਾਲ ਸਾਰੇ ਦੇਸ਼ ਵਿੱਚ ਇੱਕ ਤਰ੍ਹਾਂ ਸਿਆਸੀ ਭੁਚਾਲ ਆ ਗਿਆ ਤੇ ਮਾਮਲਾ ਸੁਪਰੀਮ ਕੋਰਟ ਤੱਕ ਚਲਾ ਗਿਆ।

ਜਾਣਕਾਰ ਸੂਤਰਾਂ ਮੁਤਾਬਿਕ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਵੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਿੱਚ ਮਹਾਰਾਸ਼ਟਰ ਸਰਕਾਰ ਬਣਾਉਣ ਵਾਸਤੇ ਹੋਈ ਚਰਚਾ ਵਿੱਚ ਇੱਕ ਸਮੇਂ ਸ਼ਾਮਲ ਹੋਏ ਤੇ ਉਨ੍ਹਾਂ ਨੇ ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਵਜੋਂ ਆਪਣੇ ਭਤੀਜੇ ਅਜੀਤ ਪਵਾਰ ਦੇ ਨਾਂ ਦੀ ਸਹਿਮਤੀ ਦੇ ਦਿੱਤੀ ਸੀ, ਪਰ ਸ਼ਰਦ ਪਵਾਰ ਕਹਿੰਦੇ ਹਨ ਕਿ ਅਗਲੇ ਦੋ ਦਿਨ ਦੱਸ ਦੇਣਗੇ ਕਿ ਏਦਾਂ ਦੇ ਸੂਤਰ ਠੀਕ ਨਹੀਂ ਕਹਿੰਦੇ। ਉਨ੍ਹਾਂ ਨੇ ਖੜੇ ਪੈਰ ਆਪਣੀ ਪਾਰਟੀ ਐੱਨ ਸੀ ਪੀ ਦੀ ਇੱਕ ਮੀਟਿੰਗ ਸੱਦ ਕੇ ਆਪਣੇ ਭਤੀਜੇ ਅਜੀਤ ਪਵਾਰ ਨੂੰ ਇਸ ਦੇ ਪਾਰਲੀਮੈਂਟਰੀ ਬੋਰਡ ਦੇ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਇਸ ਦੌਰਾਨ ਇਹ ਗੱਲ ਵੀ ਚੱਲੀ ਹੈ ਕਿ ਸ਼ਰਦ ਪਵਾਰ ਦੇ ਭਤੀਜੇ ਨੂੰ ਇਹ ਸ਼ਿਕਵਾ ਸੀ ਕਿ ਸ਼ਰਦ ਪਵਾਰ ਦੀ ਧੀ ਸੁਪ੍ਰਿਆ ਸੁਲੇ, ਜਿਹੜੀ ਪਾਰਲੀਮੈਂਟ ਮੈਂਬਰ ਵੀ ਹੈ, ਦਾ ਸਿਆਸੀ ਕੱਦ ਵਧਾਇਆ ਜਾ ਰਿਹਾ ਹੈ ਤੇ ਉਸ ਦੀ ਆਪਣੀ ਹਸਤੀ ਛੁਟਿਆਈ ਜਾ ਰਹੀ ਹੈ, ਇਸ ਲਈ ਉਹ ਪਰਵਾਰ ਅਤੇ ਪਾਰਟੀ ਤੋਂ ਬਗਾਵਤ ਕਰ ਕੇ ਉਸੇ ਭਾਜਪਾ ਨਾਲ ਜਾ ਜੁੜੇ ਹਨ, ਜਿਹੜੀ ਉਸ ਨੂੰ ਭ੍ਰਿਸ਼ਟਾਚਾਰੀ ਕਹਿ ਕੇ ਭੰਡਦੀ ਰਹੀ ਸੀ। ਮਹਾਰਾਸ਼ਟਰ ਦੀ ਵਿਧਾਨ ਸਭਾ ਦੀਆਂ ਕੁੱਲ 288 ਸੀਟਾਂ ਵਿੱਚੋਂ ਬਹੁਮਤ ਸਾਬਤ ਕਰਨ ਲਈ 145 ਵਿਧਾਇਕਾਂ ਦੇ ਸਮਰਥਨ ਦੀ ਜ਼ਰੂਰਤ ਪੈਣੀ ਹੈ। ਭਾਜਪਾ ਦੇ ਆਪਣੇ 105 ਵਿਧਾਇਕ ਹਨ ਅਤੇ ਕਿਹਾ ਜਾ ਰਿਹਾ ਸੀ ਕਿ ਅਜੀਤ ਪਵਾਰ ਦੇ ਨਾਲ ਐੱਨ ਸੀ ਪੀ ਦੇ 30 ਵਿਧਾਇਕ ਏਧਰ ਆ ਸਕਦੇ ਹਨ। ਇਨ੍ਹਾਂ ਤੋਂ ਇਲਾਵਾ 14 ਆਜ਼ਾਦ ਵਿਧਾਇਕ ਵੀ ਭਾਜਪਾ ਦੇ ਸਮਰਥਨ ਦਾ ਐਲਾਨ ਕਰ ਚੁੱਕੇ ਹਨ, ਜਿਸ ਨਾਲ ਇਹ ਅੰਕੜਾ 149 ਬਣ ਜਾਂਦਾ ਹੈ। ਭਾਜਪਾ ਦੇ ਆਗੂ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਕੁੱਲ 170 ਵਿਧਾਇਕਾਂ ਦਾ ਸਮਰਥਨ ਮਿਲ ਰਿਹਾ ਹੈ।

ਇਸ ਦੌਰਾਨ ਸ਼ਨਿਚਰਵਾਰ ਸਵੇਰੇ 5.47 ਵਜੇ ਰਾਸ਼ਟਰਪਤੀ ਸ਼ਾਸਨ ਹਟਾ ਦਿੱਤਾ ਗਿਆ ਸੀ ਅਤੇ ਇਸ ਕਾਰਵਾਈ ਪਿੱਛੋਂ ਭਾਜਪਾ ਦੇ ਮੌਜੂਦਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਇੱਕ ਵਾਰ ਫਿਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾ ਦਿੱਤੀ ਗਈ। ਉਨ੍ਹਾਂ ਦੇ ਨਾਲ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਨੇ ਡਿਪਟੀ ਮੁੱਖ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁੱਕੀ ਹੈ। ਮਹਾਰਾਸ਼ਟਰ ਵਿੱਚ ਕਾਂਗਰਸ-ਐੱਨ ਸੀ ਪੀ ਅਤੇ ਸ਼ਿਵ ਸੈਨਾ ਦੀ ਨਵੀਂ ਸਰਕਾਰ ਬਣਾਉਣ ਦਾ ਫੈਸਲਾ ਹੋਣ ਦਾ ਸੰਕੇਤ ਦੇਂਦੇ ਹੋਏ ਸ਼ੁੱਕਰਵਾਰ ਨੂੰ ਐੱਨ ਸੀ ਪੀ ਦੇ ਮੁਖੀ ਸ਼ਰਦ ਪਵਾਰ ਨੇ ਸ਼ਿਵ ਸੈਨਾ ਦੇ ਪ੍ਰਧਾਨ ਊਧਵ ਠਾਕਰੇ ਦੇ ਨਾਂ ਦੀ ਹਾਮੀ ਭਰੀ ਸੀ, ਪਰ ਅਚਾਨਕ ਰਾਤੋ-ਰਾਤ ਸਾਰਾ ਕੁਝ ਬਦਲ ਗਿਆ ਹੈ।

# ਬਿਹਾਰ ਵਿੱਚ ਮੁਥੂਟ ਫਾਈਨੈਂਸ ਤੋਂ 20 ਕਰੋੜ ਦਾ ਸੋਨਾ ਲੁੱਟਿਆ



ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਦਫਤਰ ਦੇ ਅਧਿਕਾਰੀ।

ਹਾਜੀਪੁਰ, 24 ਨਵੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਮੁਥੂਟ ਫਾਈਨੈਂਸ ਕੰਪਨੀ ਦੀ ਹਾਜੀਪੁਰ ਸ਼ਹਿਰ ਦੀ ਬ੍ਰਾਂਚ ਤੋਂ ਕੱਲ੍ਹ ਦੁਪਹਿਰ ਅੱਧਾ ਦਰਜਨ ਤੋਂ ਵੱਧ ਬਦਮਾਸ਼ਾਂ ਨੇ 55 ਕਿਲੋ 700 ਗਰਾਮ ਸੋਨਾ ਲੁੱਟ ਲਿਆ। ਇਸ ਵਾਰਦਾਤ ਦੌਰਾਨ ਬਦਮਾਸ਼ਾਂ ਨੇ ਉਥੇ ਤੈਨਾਤ ਦੋ ਸੁਰੱਖਿਆ ਗਾਰਡਾਂ ਅਤੇ ਦੋ ਗ੍ਰਾਹਕਾਂ ਨਾਲ ਮਾਰਕੁੱਟ ਵੀ ਕੀਤੀ। ਲੁੱਟੇ ਗਏ ਸੋਨੇ ਦੀ ਕੀਮਤ ਇਸ ਅਦਾਰੇ ਨੇ ਕਰੀਬ 20 ਕਰੋੜ ਰੁਪਏ ਦੱਸੀ ਹੈ। ਲੁੱਟ ਦੇ ਦੌਰਾਨ ਬਦਮਾਸ਼ਾਂ ਨੇ ਹਥਿਆਰਾਂ ਦਾ ਡਰ ਦਿਖਾ ਕੇ ਬ੍ਰਾਂਚ ਮੈਨੇਜਰ ਨੂੰ ਵੀ ਬੰਦੀ ਬਣਾ ਲਿਆ ਅਤੇ ਉਥੇ ਮੌਜੂਦ ਲੋਕਾਂ ਤੋਂ ਮੋਬਾਈਲ ਖੋਹ ਲਏ।

ਮੁਥੂਟ ਫਾਈਨੈਂਸ ਦੇ ਗਾਰਡ ਰਵਿੰਦਰ ਕੁਮਾਰ ਦੇ ਅਨੁਸਾਰ ਕਰੀਬ 12.30 ਵਜੇ ਇੱਕ ਗ੍ਰਾਹਕ ਆਇਆ। ਬ੍ਰਾਂਚ ਵਿੱਚ ਦਾਖਲ ਹੁੰਦੇ ਸਾਰ ਪਛਾਣ ਪੱਤਰ ਦਿਖਾਉਣਾ ਜ਼ਰੂਰੀ ਹੁੰਦਾ ਹੈ। ਜਦ ਪਛਾਣ ਪੱਤਰ ਮੰਗਿਆ ਤਾਂ ਉਹ ਆਦਮ ਝਗੜ ਪਿਆ ਅਤੇ ਗਾਰਡ ਦੀ ਗਰਦਨ ਫੜ ਕੇ ਕੁੱਟਦੇ ਹੋਏ ਆਪਣੇ ਸਾਥੀਆਂ ਨੂੰ ਬੁਲਾ ਲਿਆ ਤੇ ਅੱਧਾ ਦਰਜਨ ਹਥਿਆਰਬੰਦ ਬਦਮਾਸ਼ ਅੰਦਰ ਆ ਗਏ। ਉਨ੍ਹਾਂ ਨੇ ਇਥੇ ਮੌਜੂਦ ਦੂਸਰੇ ਗਾਰਡ ਰਾਮਸਵਾਰਥ ਰਾਇ ਅਤੇ ਦੋ ਗ੍ਰਾਹਕਾਂ ਨੂੰ ਵੀ ਮਾਰਕੁੱਟ ਕਰ ਕੇ ਬੰਦੀ ਬਣਾ ਲਿਆ ਅਤੇ ਬ੍ਰਾਂਚ ਮੈਨੇਜਰ ਸੁਬੋਧ ਕੁਮਾਰ ਸਿੰਘ ਅਤੇ ਕਰਮਚਾਰੀ ਸੋਨੂੰ ਕੁਮਾਰ ਦੇ ਹੱਥ ਬੰਨ੍ਹ ਕੇ ਸਭ ਦੇ ਮੋਬਾਈਲ ਫੋਨ ਖੋਹ ਲਏ। ਪਿਸਤੌਲ ਦੀ ਨੋਕ 'ਤੇ ਲੁਟੇਰੇ ਬ੍ਰਾਂਚ ਮੈਨੇਜਰ ਨੂੰ ਸਟਰਾਂਗ ਰੂਮ ਵਿੱਚ ਲੈ ਗਏ ਤੇ 55 ਕਿਲੋ 700 ਗਰਾਮ ਸੋਨਾ ਲੈ ਕੇ ਚਲੇ ਗਏ। ਦਫਤਰ ਵਿੱਚ ਮੌਜੂਦ ਇੱਕ ਕਰਮਚਾਰੀ ਦਾ ਮੋਬਾਈਲ ਉਸੇ ਕੋਲ ਰਹਿ ਗਿਆ ਸੀ। ਅਪਰਾਧੀਆਂ ਦੇ ਫਰਾਰ ਹੋਣ ਪਿੱਛੋਂ ਉਸ ਨੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਤਰਥੱਲੀ ਮਚ ਗਈ।

ਪੁਲਸ ਅਧਿਕਾਰੀਆਂ ਨੇ ਬ੍ਰਾਂਚ ਮੈਨੇਜਰ ਸਮੇਤ ਕੰਪਨੀ ਦੇ ਸਾਰੇ ਮੁਲਾਜ਼ਮਾਂ ਤੋਂ ਕਾਫੀ ਦੇਰ ਪੁੱਛਗਿੱਛ ਕੀਤੀ ਅਤੇ ਸੀ ਸੀ ਟੀ ਵੀ ਫੁਟੇਜ ਵੀ ਦੇਖੀ। ਐੱਸ ਪੀ ਨੇ ਦੱਸਿਆ ਕਿ 55 ਕਿਲੋਗਰਾਮ ਸੋਨਾ ਲੁੱਟਣ ਦੀ ਗੱਲ ਸਾਹਮਣੇ ਆਈ ਹੈ। ਪੂਰੀ ਵਾਰਦਾਤ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ ਹੈ। ਬਦਮਾਸ਼ਾਂ ਦੀ ਪਛਾਣ ਹੋ ਗਈ ਹੈ। ਪੁਲਸ ਉਨ੍ਹਾਂ ਦੀ ਗ੍ਰਿਫਤਾਰੀ ਲਈ ਸੰਭਾਵਿਤ ਟਿਕਾਣਿਆਂ 'ਤੇ ਛਾਪੇਮਾਰੀ ਚੱਲ ਰਹੀ ਹੈ।

## ਭਾਰਤੀਆਂ ਨੂੰ ਦੋ ਹਫ਼ਤੇ ਵਿੱਚ ਫਿਨਲੈਂਡ ਦਾ ਵਰਕ ਵੀਜ਼ਾ ਮਿਲੇਗਾ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਭਾਰਤ ਨਾਲ ਦੁਵੱਲੇ ਵਪਾਰਕ ਸਬੰਧਾਂ ਨੂੰ ਬਿਹਤਰ ਕਰਨ ਦੇ ਮਕਸਦ ਨਾਲ ਫਿਨਲੈਂਡ ਸਰਕਾਰ ਅਗਲੇ ਸਾਲ ਤੋਂ ਵਰਕ ਵੀਜ਼ਾ ਮਨਜ਼ੂਰੀ ਦਾ ਸਮਾਂ ਘਟਾ ਕੇ 15 ਦਿਨ ਕਰਨ ਦੀ ਯੋਜਨਾ ਬਣਾ ਰਹੀ ਹੈ। ਪਹਿਲਾਂ ਵਰਕ ਵੀਜ਼ਾ ਦੇਣ ਵਿੱਚ ਕਰੀਬ 52 ਦਿਨਾਂ ਸਮਾਂ ਲਗਦਾ ਸੀ। ਭਾਰਤ ਤੇ ਫਿਨਲੈਂਡ ਦੇ ਰਿਸ਼ਤੇ ਪਿਛਲੇ ਇੱਕ ਦਹਾਕੇ ਵਿੱਚ ਮਜ਼ਬੂਤ ਹੋਏ ਅਤੇ ਦੋਵਾਂ ਦਾ ਸਾਲਾਨਾ ਵਪਾਰ 2.5 ਅਰਬ ਡਾਲਰ ਪਾਰ ਕਰ ਗਿਆ ਹੈ। ਫਿਨਲੈਂਡ ਦੇ ਰੁਜ਼ਗਾਰ ਮਾਮਲਿਆਂ ਦੇ ਮੰਤਰੀ ਟਿਮੋ ਹਰਾਕਾ ਨੇ ਖ਼ਬਰ ਏਜੰਸੀ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਭਾਰਤੀਆਂ ਨੂੰ ਵਰਕ ਵੀਜ਼ੇ ਦੇਣ ਦਾ ਸਮਾਂ ਘਟਾਉਣ ਦੀ ਯੋਜਨਾ ਬਣਾਈ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਵਰਗੇ ਦੇਸ਼ਾਂ ਤੋਂ ਸਾਫਟਵੇਅਰ ਮਾਹਰਾਂ ਨੂੰ ਆਕਰਸ਼ਿਤ ਕਰਨ ਦੇ ਲਈ ਇਹ ਕਦਮ ਉਠਾਏ ਜਾ ਰਹੇ ਹਨ। ਮੰਤਰੀ ਨੇ ਕਿਹਾ ਕਿ ਅਗਲੇ ਸਾਲ ਤੋਂ ਉਹ ਇਮੀਗਰੇਸ਼ਨ ਦੀ ਪ੍ਰਕਿਰਿਆ (ਕੰਮ ਅਤੇ ਪੜ੍ਹਾਈ ਆਧਾਰਿਤ) ਬਦਲਣ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਕਤੂਬਰ 2018 ਤੋਂ ਅਕਤੂਬਰ 2019 ਦੌਰਾਨ ਰਿਹਾਇਸ਼ੀ ਪਰਮਿਟ 1500 ਤੋਂ ਵੱਧ ਹੁਨਰ ਪ੍ਰਾਪਤ ਸੂਚਨਾ ਤੇ ਸੰਚਾਰ ਤਕਨਾਲੋਜੀ (ਆਈ ਸੀ ਟੀ) ਦੇ ਮਾਹਰਾਂ ਨੂੰ ਦਿੱਤੇ ਗਏ ਜਿਨ੍ਹਾਂ 'ਚੋਂ ਕਰੀਬ 50 ਫ਼ੀਸਦੀ ਭਾਰਤੀ ਸਨ।

# ਜੀ ਕੇ ਦੇ ਖਿਲਾਫ ਦਿੱਲੀ ਗੁਰਦੁਆਰਾ ਕਮੇਟੀ ਦੀ ਸ਼ਿਕਾਇਤ ਪ੍ਰਵਾਨ ਹੋਈ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀਆਂ ਮੁਸ਼ਕਲਾਂ 'ਚ ਵਾਧਾ ਹੋ ਗਿਆ ਹੈ ਕਿਉਂਕਿ ਦਿੱਲੀ ਦੀ ਇੱਕ ਅਦਾਲਤ ਨੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾਂ ਦੇ ਖਿਲਾਫ ਦਾਇਰ ਫੌਜਦਾਰੀ ਸ਼ਿਕਾਇਤ ਪ੍ਰਵਾਨ ਕਰ ਲਈ ਹੈ ਅਤੇ ਇਸ ਕੇਸ ਵਿੱਚ ਪੁਲਸ ਨੂੰ ਕਾਰਵਾਈ ਰਿਪੋਰਟ (ਏ ਟੀ ਆਰ) ਪੇਸ਼ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਨਵੀਂ ਦਿੱਲੀ ਪਟਿਆਲਾ ਹਾਊਸ ਵਿਖੇ ਜੱਜ ਪ੍ਰੀਤੀ ਪਰੇਵਾ ਦੀ ਅਦਾਲਤ ਨੇ ਇਸ ਬਾਰੇ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਪੁਲਸ ਸਟੇਸ਼ਨ ਨਾਰਥ ਐਵੇਨਿਊ ਦੇ ਐੱਸ ਐੱਚ ਓ ਨੂੰ ਹਦਾਇਤ ਕੀਤੀ ਹੈ ਕਿ ਉਹ ਸੱਤ ਜਨਵਰੀ 2020 ਤੱਕ ਏ ਟੀ ਆਰ ਅਦਾਲਤ ਵਿੱਚ ਪੇਸ਼ ਕਰਨ। ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਵਿਰਕ ਵੱਲੋਂ ਦਾਇਰ ਕੀਤੀ ਸ਼ਿਕਾਇਤ ਦੇ ਮੁਤਾਬਕ ਮਨਜੀਤ ਸਿੰਘ ਜੀ ਕੇ ਨੇ ਜਾਅਲੀ ਬਿੱਲ ਬਣਾ ਕੇ ਧੋਖੇ ਨਾਲ ਗੁਰਦੁਆਰਾ ਕਮੇਟੀ ਦੇ ਫੰਡ ਹੜੱਪ ਲਏ ਹਨ। ਸ਼ਿਕਾਇਤ ਵਿੱਚ ਦੱਸਿਆ ਗਿਆ ਕਿ ਉਸ ਨੇ ਅੱਸੀ ਲੱਖ ਰੁਪਏ ਦਾ ਘਪਲਾ ਕੀਤਾ ਤੇ ਇਸ ਨੂੰ ਨਿੱਜੀ ਪੈਸਾ ਬਣਾ ਕੇ ਆਪ ਵਰਤ ਲਿਆ ਅਤੇ ਉਸ ਨੇ ਵੱਖ-ਵੱਖ ਸਮੇਂ ਬਿਨਾਂ ਕਾਰਜਕਾਰਨੀ ਕਮੇਟੀ ਦੀ ਮਨਜ਼ੂਰੀ ਦੇ 13 ਲੱਖ 65 ਹਜ਼ਾਰ ਰੁਪਏ ਕਢਵਾ ਲਏ ਸਨ। ਸ਼ਿਕਾਇਤ ਦੇ ਮੁਤਾਬਕ ਉਸ ਨੇ 6500 ਅਮਰੀਕੀ ਡਾਲਰ, 2150 ਪੌਂਡ, 100 ਯੂਰੋ, ਕੈਨੇਡਾ ਦੇ 2600 ਡਾਲਰ, ਮਲੇਸ਼ੀਆ ਦੇ 576 ਡਾਲਰਾਂ ਦਾ ਵੀ ਘਪਲਾ ਕੀਤਾ। ਉਸ ਨੇ ਕੁੱਲ ਇੱਕ ਕਰੋੜ ਰੁਪਏ ਤੋਂ ਵੱਧ ਘੋਟਾਲਾ ਕੀਤਾ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਤੇ ਸੁਰਜੀਤ ਸਿੰਘ ਵਿਰਕ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਅਦਾਲਤ ਵਿੱਚ ਪਹੁੰਚ ਕੀਤੀ ਸੀ।

# ਘਰ ਵਿੱਚ ਆਣ ਵੜੇ ਆਸ਼ਿਕ ਪੁਲਸੀਏ ਨੂੰ ਲੋਕਾਂ ਨੇ ਕੁੱਟਿਆ



ਗੋਪਾਲਗੰਜ, 24 ਨਵੰਬਰ (ਪੋਸਟ ਬਿਊਰੋ)- ਬਿਹਾਰ ਵਿੱਚ ਗੋਪਾਲਗੰਜ ਜ਼ਿਲੇ ਦੇ ਇੱਕ ਥਾਣੇ ਦੇ ਇੱਕ ਪੁਲਸ ਵਾਲੇ ਨੂੰ ਪਿਛਲੀ ਰਾਤ ਪਿੰਡ ਵਾਸੀਆਂ ਨੇ ਕੁੱਟਿਆ ਅਤੇ ਘਰ ਵਿੱਚ ਹੀ ਕੈਦ ਕਰ ਲਿਆ।

ਪੁਲਸ ਸੂਤਰਾਂ ਮੁਤਾਬਕ ਕੱਲ੍ਹ ਦੇਰ ਰਾਤ ਇਹ ਪੁਲਸ ਵਾਲਾ ਹਨੇਰੇ ਦਾ ਲਾਭ ਉਠਾ ਕੇ ਵਰਿੰਦਾਵਨ ਮੌਜੇ ਪਿੰਡ ਦੇ ਇੱਕ ਘਰ ਵਿੱਚ ਵੜ ਗਿਆ, ਜਿਸ ਨੂੰ ਪਿੰਡ ਦੇ ਲੋਕਾਂ ਨੇ ਦੇਖ ਲਿਆ ਅਤੇ ਇਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਉਸੇ ਘਰ ਵਿੱਚ ਕੈਦ ਕਰ ਲਿਆ ਅਤੇ ਉਸ ਦੀ ਕੁੱਟਮਾਰ ਕੀਤੀ। ਦੋਸ਼ ਹੈ ਕਿ ਉਕਤ ਪੁਲਸ ਵਾਲਾ ਜ਼ਿਆਦਾਤਰ ਪਿੰਡ ਵਿੱਚ ਇੱਕ ਲੜਕੀ ਨੂੰ ਮਿਲਣ ਆਉਂਦਾ ਸੀ। ਪੁਲਸ ਕਪਤਾਨ ਮਨੋਜ ਕੁਮਾਰ ਤਿਵਾੜੀ ਨੇ ਪੂਰੇ ਕੇਸ ਦੀ ਜਾਂਚ ਦੇ ਹੁਕਮ ਦਿੱਤੇ ਹਨ। ਵਰਨਣ ਯੋਗ ਹੈ ਕਿ ਸਾਲ 2018 ਵਿੱਚ ਵੀ ਜ਼ਿਲੇ ਦੇ ਕੁਚਾਇਕੋਟ ਥਾਣੇ ਦੇ ਇੱਕ ਪੁਲਸ ਵਾਲੇ ਨੂੰ ਲੋਕਾਂ ਨੇ ਇਤਰਾਜ਼ ਯੋਗ ਸਥਿਤੀ ਵਿੱਚ ਫੜਿਆ ਸੀ ਤੇ ਉਸ ਦੀ ਕੁੱਟਮਾਰ ਕਰਨ ਦੇ ਬਾਅਦ ਪੁਲਸ ਨੂੰ ਸੌਂਪ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਤਤਕਾਲੀ ਪੁਲਸ ਕਪਤਾਨ ਨੇ ਦੋਸ਼ੀ ਪੁਲਸੀਏ ਨੂੰ ਸਸਪੈਂਡ ਕਰ ਦਿੱਤਾ ਸੀ।

# ਲੰਡਨ ਦੀ ਕੁੜੀ ਨਾਲ ਫੇਸਬੁਕ ਉੱਤੇ ਦੋਸਤੀ ਕਰ ਕੇ ਯੂ ਪੀ ਦਾ ਸਿਪਾਹੀ ਫਸ ਗਿਆ

ਲਖਨਊ, 24 ਨਵੰਬਰ (ਪੋਸਟ ਬਿਊਰੋ)- ਪੁਲਸ ਲਾਈਨ ਵਿੱਚ ਤੈਨਾਤ ਸਿਪਾਹੀ ਵਿਨੋਦ ਕੁਮਾਰ ਨੂੰ ਫੇਸਬੁਕ 'ਤੇ ਲੰਡਨ ਦੀ ਮਹਿਲਾ ਨਾਲ ਦੋਸਤੀ ਕਰਨਾ ਮਹਿੰਗਾ ਪੈ ਗਿਆ। ਉਸ ਮਹਿਲਾ ਨੇ ਭਾਰਤ ਵਿੱਚ ਨਿਵੇਸ਼ ਦੀ ਗੱਲ ਕਹਿ ਕੇ ਸਿਪਾਹੀ ਨੂੰ ਮੋਟੇ ਕਮਿਸ਼ਨ ਦਾ ਲਾਲਚ ਦਿੱਤਾ ਅਤੇ ਅਗਲੇ ਦਿਨ ਕਸਟਮ ਅਧਿਕਾਰੀਆਂ ਨੇ ਉਸ ਨੂੰ ਫੋਨ ਕਰ ਕੇ ਉਸ ਮਹਿਲਾ ਦੇ ਵਿਦੇਸ਼ੀ ਕਰੰਸੀ ਦੇ ਨਾਲ ਏਅਰਪੋਰਟ ਆਉਣ ਦੀ ਗੱਲ ਕਹੀ। ਇਸ ਦੇ ਬਾਅਦ ਸਿਪਾਹੀ ਨੂੰ ਗੱਲਾਂ ਵਿੱਚ ਉਲਝਾ ਕੇ ਉਸ ਤੋਂ 3.17 ਲੱਖ ਰੁਪਏ ਠੱਗ ਲਏ ਗਏ। ਸਿਪਾਹੀ ਨੇ ਦੋਸ਼ੀਆਂ ਦੇ ਖਿਲਾਫ ਲਖਨਊ ਮਹਾਨਗਰ ਦੀ ਕੋਤਵਾਲੀ ਵਿੱਚ ਇੱਕ ਬਾਕਾਇਦਾ ਕੇਸ ਦਰਜ ਕਰਵਾ ਦਿੱਤਾ ਹੈ।

ਇੰਸਪੈਕਟਰ ਅਸ਼ੋਕ ਕੁਮਾਰ ਸਿੰਘ ਨੇ ਦੱਸਿਆ ਕਿ ਮੂਲ ਰੂਪ ਵਿੱਚ ਪ੍ਰਯਾਗਰਾਜ ਦਾ ਵਾਸੀ ਵਿਨੋਦ ਕੁਮਾਰ ਯੂ ਪੀ ਪੁਲਸ ਵਿੱਚ ਸਿਪਾਹੀ ਹੈ। ਇਸ ਸਮੇਂ ਉਹ ਰਿਜ਼ਰਵ ਪੁਲਸ ਲਾਈਨ ਵਿੱਚ ਤੈਨਾਤ ਹੈ। ਉਸ ਦੇ ਮੁਤਾਬਕ ਕੁਝ ਸਮਾਂ ਪਹਿਲਾਂ ਉਸ ਦੀ ਫੇਸਬੁਕ 'ਤੇ ਇੱਕ ਮਹਿਲਾ ਨਾਲ ਦੋਸਤੀ ਹੋਈ ਅਤੇ ਚੈਟਿੰਗ ਹੋਣ 'ਤੇ ਉਸ ਨੇ ਖੁਦ ਨੂੰ ਲੰਡਨ ਦੀ ਵਾਸੀ ਦੱਸਿਆ। ਇਸ ਪਿੱਛੋਂ ਉਨ੍ਹਾਂ ਦੀ ਮੋਬਾਈਲ 'ਤੇ ਵੀ ਗੱਲ ਹੋਣ ਲੱਗੀ, ਜਿਸ ਦੌਰਾਨ ਮਹਿਲਾ ਨੇ ਭਾਰਤ ਵਿੱਚ 3.05 ਲੱਖ ਯੂ ਐੱਸ ਡਾਲਰ ਨਿਵੇਸ਼ ਕਰਨ ਦੀ ਗੱਲ ਕਹੀ ਅਤੇ ਮਦਦ ਕਰਨ 'ਤੇ ਉਸ ਨੂੰ ਮੋਟੇ ਕਮਿਸ਼ਨ ਦਾ ਆਫਰ ਦਿੱਤਾ। ਵਿਨੋਦ ਦੇ ਮੁਤਾਬਕ ਵਿਦੇਸ਼ੀ ਮਹਿਲਾ ਨੇ 19 ਨਵੰਬਰ ਨੂੰ ਮੁੰਬਈ ਏਅਰਪੋਰਟ ਆਉਣ ਦੀ ਗੱਲ ਦੱਸੀ, ਪਰ ਉਸ ਦਿਨ ਦੁਪਹਿਰ ਵਿੱਚ ਉਸ ਨੂੰ ਇੱਕ ਵਿਅਕਤੀ ਦਾ ਫੋਨ ਆਇਆ, ਜਿਸ ਨੇ ਖੁਦ ਨੂੰ ਕਸਟਮ ਅਧਿਕਾਰੀ ਦੱਸਿਆ ਤੇ ਕਿਹਾ ਕਿ ਤੁਹਾਡੀ ਵਿਦੇਸ਼ੀ ਮਹਿਲਾ ਮਿੱਤਰ ਦੇ ਕੋਲ 3.50 ਲੱਖ ਯੂ ਐੱਸ ਡਾਲਰ ਹਨ। ਇਸ ਨੂੰ ਭਾਰਤੀ ਕਰੰਸੀ ਵਿੱਚ ਐਕਸਚੇਂਜ ਕਰਨ ਦਾ ਟੈਕਸ ਦੇਣਾ ਹੋਵੇਗਾ। ਮਹਿਲਾ ਨਾਲ ਗੱਲ ਕਰਨ 'ਤੇ ਸਿਪਾਹੀ ਇਹ ਰਕਮ ਦੇਣ ਨੂੰ ਤਿਆਰ ਹੋ ਗਿਆ। ਇਸ ਦੇ ਬਾਅਦ ਉਸ ਨੇ ਜਾਅਲਸਾਜ਼ਾਂ ਵੱਲੋਂ ਦਿੱਤੇ ਦੋ ਬੈਂਕ ਖਾਤਿਆਂ ਵਿੱਚ ਉਨ੍ਹਾਂ ਦੇ ਦੱਸੇ ਗਏ ਰੁਪਏ ਜਮ੍ਹਾ ਕਰਵਾ ਦਿੱਤੇ। ਜਿਸ ਪਿੱਛੋਂ ਵਿਦੇਸ਼ੀ ਮਹਿਲਾ ਅਤੇ ਹੋਰਨਾਂ ਦੋਸ਼ੀਆਂ ਨੇ ਮੋਬਾਈਲ ਬੰਦ ਕਰ ਲਏ।

# ਹਿਮਾਚਲ ਵਿੱਚ ਧਵਾਲਾ ਦੇ ਪਾਲਾ ਬਦਲਣ ਨਾਲ ਵੀ ਇੱਕ ਸਰਕਾਰ 1998 ਵਿੱਚ ਬਦਲੀ ਸੀ



ਸ਼ਿਮਲਾ, 24 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸਿਆਸੀ ਪਲਟੇ ਨਾਲ ਦੇਵੇਂਦਰ ਫੜਨਵੀਸ ਫਿਰ ਮੁੱਖ ਮੰਤਰੀ ਬਣੇ ਹਨ। ਇਸੇ ਤਰ੍ਹਾਂ ਦਾ ਚੱਕਰ ਹਿਮਾ-ਚਲ ਪ੍ਰਦੇਸ਼ ਵਿੱਚ ਵੀ ਚੱਲਿਆ ਸੀ। ਓਦੋਂ ਜਵਾਲਾਮੁਖੀ ਵਿਧਾਨ ਸਭਾ ਖੇਤਰ ਤੋਂ ਆਜ਼ਾਦ ਵਿਧਾਇਕ ਰਮੇਸ਼ ਧਵਾਲਾ ਦੇ ਪਾਰਟੀ ਬਦਲਣ ਨਾਲ ਸਰਕਾਰ ਬਦਲ ਗਈ ਸੀ।

ਹਿਮਾਚਲ ਵਿੱਚ ਓਦੋਂ ਕਾਂਗਰਸ ਦੀ ਸਰਕਾਰ ਸੀ। ਸਾਲ 1998 ਵਿੱਚ ਕੁੱਲ 68 ਵਿੱਚੋਂ 65 ਸੀਟਾਂ ਲਈ ਵਿਧਾਨ ਸਭਾ ਚੋਣਾਂ ਹੋਈਆਂ ਸੀ। ਭਾਜਪਾ ਨੂੰ 29 ਅਤੇ ਕਾਂਗਰਸ ਨੂੰ 32 ਸੀਟਾਂ ਮਿਲੀਆਂ। ਭਾਜਪਾ ਦੇ ਮਾਸਟਰ ਵਰਿੰਦਰ ਧੀਮਾਨ (ਪਰਾਗਪੁਰ ਸੀਟ) ਦੀ ਨਤੀਜਾ ਆਉਣ ਤੋਂ ਪਹਿਲਾਂ ਮੌਤ ਹੋ ਗਈ। ਇਸ ਨਾਲ ਭਾਜਪਾ ਕੋਲ 28 ਵਿਧਾਇਕ ਰਹਿ ਗਏ। ਸਰਕਾਰ ਬਣਾਉਣ ਲਈ 33 ਵਿਧਾਇਕ ਚਾਹੀਦੇ ਸਨ। ਕਾਂਗਰਸ ਨੇ ਧਵਾਲਾ ਨੂੰ ਆਪਣੇ ਨਾਲ ਮਿਲਾ ਕੇ ਸਰਕਾਰ ਬਣਾ ਲਈ। ਕੁਝ ਦਿਨ ਬਾਅਦ ਧਵਾਲਾ ਨੇ ਸਮਰਥਨ ਵਾਪਸ ਲੈ ਲਿਆ। ਵੀਰਭੱਦਰ ਸਿੰਘ ਨੇ ਨਾਟਕੀ ਅੰਦਾਜ਼ ਵਿੱਚ ਸਦਨ ਵਿੱਚ ਪਹੁੰਚ ਕੇ ਬਹੁਮਤ ਸਾਬਤ ਕਰਨ ਤੋਂ ਪਹਿਲਾਂ ਅਸਤੀਫਾ ਦੇ ਦਿੱਤਾ। 15 ਦਿਨਾਂ ਤੋਂ ਪਹਿਲਾਂ ਸਰਕਾਰ ਡਿੱਗ ਗਈ।

ਫਿਰ ਭਾਜਪਾ ਨੇ ਹਿਮਾਚਲ ਵਿਕਾਸ ਕਾਂਗਰਸ ਦੇ ਚਾਰ ਵਿਧਾਇਕਾਂ ਦਾ ਸਮਰਥਨ ਲੈ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਧਵਾਲਾ ਨੇ ਵੀ ਓਦੋਂ ਭਾਜਪਾ ਨੂੰ ਸਮਰਥਨ ਦੇ ਦਿੱਤਾ। ਇਸ ਨਾਲ ਸੂਬੇ ਵਿੱਚ ਪ੍ਰੋਫੈਸਰ ਪ੍ਰੇਮ ਕੁਮਾਰ ਧੂਮਲ ਦੀ ਅਗਵਾਈ ਵਿੱਚ ਭਾਜਪਾ ਨੇ ਸਰਕਾਰ ਬਣੀ। ਕਾਂਗਰਸ ਤੋਂ ਬਾਹਰ ਕੱਢੇ ਗਏ ਪੰਡਿਤ ਸੁਖਰਾਮ ਨੇ ਹਿਮਾਚਲ ਦੀ ਸਿਆਸਤ ਨੂੰ ਨਵਾਂ ਮੋੜ ਦੇ ਦਿੱਤਾ। ਉਸ ਨੇ ਹਿਮਾਚਲ ਵਿਕਾਸ ਕਾਂਗਰਸ ਬਣਾ ਕਰ ਕੇ ਕਾਂਗਰਸ ਨੰ ਸੱਤਾ ਤੋਂ ਦੂਰ ਕਰ ਦਿੱਤਾ। ਓਦੋਂ ਵਿਧਾਨ ਸਭਾ ਵਿੱਚ ਰਮੇਸ਼ ਧਵਾਲਾ ਨੇ ਕੱਪੜੇ ਲਾਹ ਕੇ ਪਿੱਠ 'ਤੇ ਨਿਸ਼ਾਨ ਦਿਖਾਏ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਉਨ੍ਹਾਂ ਨਾਲ ਮਾਰਕੁੱਟ ਕੇ ਜਬਰੀ ਸਮਰਥਨ ਲਿਆ ਗਿਆ ਸੀ। ਧਵਾਲਾ ਵੀਰਭੱਦਰ ਸਰਕਾਰ ਵਿੱਚ ਪੰਜ ਮਾਰਚ ਨੂੰ ਕੈਬਨਿਟ ਮੰਤਰੀ ਬਣੇ ਅਤੇ 24 ਮਾਰਚ ਨੂੰ ਧੂਮਲ ਸਰਕਾਰ ਵਿੱਚ ਵੀ ਕੈਬਨਿਟ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਸੀ।


MICHELIN | HANKOOK | Continental | ROADLUX | BFGoodrich | AEOLUS | COMPASAL

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018



Chevron Delo

Special OIL CHANGE Rates

Brake & Drum Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ

30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



# ਪਾਕਿਸਤਾਨ ਵਿੱਚ ਧਰਮ ਪਰਿਵਰਤਨ ਰੋਕਣ ਵਾਲੇ ਕਾਨੂੰਨ ਦੀ ਪ੍ਰਕਿਰਿਆ ਸ਼ੁਰੂ



ਇਸਲਾਮਾਬਾਦ, 24 ਨਵੰਬਰ (ਪੋਸਟ ਬਿਊਰੋ)- ਘੱਟ ਗਿਣਤੀਆਂ ਦੇ ਸ਼ੋਸ਼ਣ ਦੇ ਕੇਸਾਂ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵਿਗੜੇ ਆਪਣੇ ਅਕਸ ਨੂੰ ਸੁਧਾਰਨ ਦੀ ਨੀਤ ਨਾਲ ਪਾਕਿਸਤਾਨ ਵਿੱਚ ਬੀਤੇ ਦਿਨ ਵੱਡੀ ਕੋਸ਼ਿਸ਼ ਸ਼ੁਰੂ ਹੋਈ।

ਜ਼ਬਰਦਸਤੀ ਧਰਮ ਬਦਲਣ ਦੀਆਂ ਘਟਨਾਵਾਂ 'ਤੇ ਰੋਕ ਲਾਉਣ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਬਿੱਲ ਦਾ ਖਰੜਾ ਤਿਆਰ ਕਰਨ ਲਈ ਪਾਕਿਸਤਾਨ ਸਰਕਾਰ ਨੇ 22 ਮੈਂਬਰੀ ਪਾਰਲੀਮੈਂਟਰੀ ਕਮੇਟੀ ਬਣਾਈ ਹੈ। ਮੁਸਲਿਮ ਬਹੁਗਿਣਤੀ ਪਾਕਿਸਤਾਨ ਘੱਟ ਗਿਣਤੀਆਂ ਦੇ ਸ਼ੋਸ਼ਣ ਤੇ ਜਬਰੀ ਧਰਮ ਬਦਲਾਅ ਕਰਾਉਣ ਲਈ ਬਦਨਾਮ ਹੈ। ਸੈਨੇਟ ਸਕੱਤਰੇਤ ਤੋਂ ਜਾਰੀ ਨੋਟੀਫਿਕੇਸ਼ਨ ਦੇ ਮੁਤਾਬਕ ਚੇਅਰਮੈਨ ਸਾਦਿਕ ਸੰਜਰਾਨੀ ਨੇ ਕੌਮੀ ਅਸੈਂਬਲੀ ਦੇ ਚੇਅਰਮੈਨ ਅਸਦ ਕੈਸਰ, ਸੈਨੇਟ ਵਿੱਚ ਸਦਨ ਦੇ ਨੇਤਾ ਸ਼ਿਬਲੀ ਫਰਾਜ਼ ਤੇ ਵਿਰੋਧੀ ਧਿਰ ਦੇ ਨੇਤਾ ਰਾਜਾ ਜਫਰੂਲ ਹੱਕ ਨਾਲ ਸਲਾਹ ਮਸ਼ਵਰੇ ਪਿੱਛੋਂ ਕਮੇਟੀ ਬਣਾਈ ਹੈ, ਜਿਸ ਵਿੱਚ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਦੇ ਮੰਤਰੀ ਨੂਰੂਲ ਹੱਕ ਕਾਦਰੀ, ਮਨੁੱਖੀ ਅਧਿਕਾਰ ਮਾਮਲਿਆਂ ਦੀ ਮੰਤਰੀ ਸ਼ਿਰੀਨ ਮਜਾਰੀ ਤੇ ਪਾਰਲੀਮੈਂਟਰੀ ਮਾਮਲਿਆਂ ਦੇ ਰਾਜ ਮੰਤਰੀ ਅਲੀ ਮੁਹੰਮਦ ਖਾਨ ਵੀ ਹਨ। ਇਸ ਦੇ ਇਲਾਵਾ ਕਮੇਟੀ ਵਿੱਚ ਹਿੰਦੂ ਪਾਰਲੀਮੈਂਟ ਮੈਂਬਰ ਅਸ਼ੋਕ ਕੁਮਾਰ ਨੂੰ ਰੱਖਿਆ ਗਿਆ ਹੈ। ਕਮੇਟੀ ਦੇ ਮੈਂਬਰਾਂ ਵਿੱਚ ਮਲਿਕ ਮੁਹੰਮਦ ਆਮਿਰ ਡੋਗਰ, ਸੁਨੀਲਾ ਰੱਥ, ਜੈਪ੍ਰਕਾਸ਼, ਲਾਲ ਚੰਦਰ, ਮੁਹੰਮਦ ਅਸਲਮ ਭੂਟਾਨੀ, ਰਾਣਾ ਤਨਵੀਰ ਹੁਸੈਨ, ਡਾਕਟਰ ਦਰਸ਼ਨ ਕੇਸ਼ੂਮਲ ਖਿਆਲ ਦਾਸ, ਸ਼ਗੁਫਤਾ ਜੁਮਾਨੀ, ਰਮੇਸ਼ ਲਾਲ, ਨਵੀਦ ਆਮਿਰ ਜੀਵਾ ਤੇ ਅਬਦੁੱਲ ਵੀ ਸ਼ਾਮਲ ਹਨ। ਕਮੇਟੀ ਕਿੰਨੇ ਦਿਨਾਂ 'ਚ ਆਪਣੀ ਤਜਵੀਜ਼ ਬਣਾ ਕੇ ਦੇਵੇਗੀ ਤੇ ਉਸ ਦੀਆਂ ਬੈਠਕਾਂ ਦਾ ਪ੍ਰੋਗਰਾਮ ਹਾਲੇ ਐਲਾਨਿਆ ਨਹੀਂ ਗਿਆ।

# ਕੋਲੰਬੀਆ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨਾਲ ਹਾਲਤ ਬੇਕਾਬੂ



ਬੋਗੋਟਾ, 24 ਨਵੰਬਰ (ਪੋਸਟ ਬਿਊਰੋ)- ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨਾਲ ਕੋਲੰਬੀਆ ਦੇ ਹਾਲਾਤ ਬੇਕਾਬੂ ਹੋ ਗਏ ਹਨ। ਪ੍ਰਦਰਸ਼ਨ ਕਰਨ ਵਾਲਿਆਂ ਦੀ ਹਿੰਸਾ ਤੇ ਲੁੱਟਮਾਰ ਕਾਰਨ ਰਾਜਧਾਨੀ ਬੋਗੋਟਾ ਵਿੱਚ ਗੜਬੜ ਦੀ ਸਥਿਤੀ ਹੈ। ਇਥੇ ਇੱਕ ਪੁਲਸ ਸਟੇਸ਼ਨ ਵਿੱਚ ਸ਼ੁੱਕਰਵਾਰ ਰਾਤ ਹੋਏ ਬੰਬ ਧਮਾਕੇ ਵਿੱਚ ਤਿੰਨ ਪੁਲਸ ਮੁਲਾਜ਼ਮਾਂ ਦੀ ਮੌਤ ਹੋ ਗਈ।

ਦੱਖਣੀ-ਪੱਛਮੀ ਸੂਬੇ ਕਾਕੂਆ ਦੇ ਸ਼ਹਿਰ ਸੈਂਟੇਂਡਰ ਡੀ ਕਵਿਲੀਕੋਓ ਵਿੱਚ ਧਮਾਕਿਆਂ ਵਿੱਚ 10 ਪੁਲਸ ਵਾਲੇ ਜ਼ਖਮੀ ਹੋਏ ਹਨ। ਇਹ ਸ਼ਹਿਰ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਤੇ ਮਾਫੀਆ ਹਿੰਸਾ ਲਈ ਜਾਣਿਆ ਜਾਂਦਾ ਹੈ। ਫਿਲਹਾਲ ਪੁਲਸ ਨੇ ਧਮਾਕੇ ਲਈ ਕਿਸੇ ਵੀ ਹਥਿਆਰਬੰਦੇ ਗਰੁੱਪ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਹੈ। ਅਸਲ ਵਿੱਚ ਵੀਰਵਾਰ ਨੂੰ ਰਾਸ਼ਟਰਪਤੀ ਇਵਾਨ ਡੁਕ ਦੇ ਖਿਲਾਫ ਵਧਦੀ ਨਾਰਾਜ਼ਗੀ ਨੂੰ ਪ੍ਰਗਟ ਕਰਨ ਲਈ ਦੇਸ਼-ਪੱਧਰੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਇਸ ਵਿੱਚ ਲਗਭਗ 25 ਹਜ਼ਾਰ ਲੋਕ ਸ਼ਾਮਲ ਹੋਏ ਸਨ। ਇਸ ਦੌਰਾਨ ਭੜਕੀ ਹਿੰਸਾ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਰਾਸ਼ਟਰਪਤੀ ਡੁਕ ਵੱਲੋਂ ਆਰਥਿਕ ਸੁਧਾਰਾਂ ਨਾਲ ਜੁੜੇ ਮੁੱਦਿਆਂ ਨੂੰ ਨਕਾਰੇ ਜਾਣ ਪਿੱਛੋਂ ਇਨ੍ਹਾਂ ਪ੍ਰਦਰਸ਼ਨਾਂ ਦੀ ਸ਼ੁਰੂਆਤ ਹੋਈ। ਪ੍ਰਦਰਸ਼ਨ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਭ੍ਰਿਸ਼ਟਾਚਾਰ ਤੇ ਮਨੁੱਖੀ ਅਧਿਕਾਰ ਵਰਕਰਾਂ ਦੇ ਕਤਲ ਰੋਕਣ ਲਈ ਸਰਕਾਰ ਕੁਝ ਨਹੀਂ ਕਰਦੀ। ਸ਼ੁੱਕਰਵਾਰ ਦੁਪਹਿਰ ਵੀ ਰਾਜਧਾਨੀ ਬੋਗੋਟਾ ਦੇ ਬੋਲੀਵਰ ਪਲਾਜ਼ਾ ਵਿੱਚ ਹਜ਼ਾਰਾਂ ਲੋਕ ਕੇਸਰਲਾਓ ਲਈ ਇਕੱਠੇ ਹੋਏ। ਇਸ ਮੌਕੇ ਪੁਲਸ ਨੇ ਤਾਕਤ ਦੀ ਵਰਤੋਂ ਕਰ ਕੇ ਲੋਕਾਂ ਨੂੰ ਖਦੇੜਨ ਦਾ ਯਤਨ ਕੀਤਾ। ਇਸ 'ਤੇ ਹਿੰਸਕ ਹੋਈ ਭੀੜ ਨੇ ਲੁੱਟਮਾਰ ਅਤੇ ਅੱਗਜ਼ਨੀ ਸ਼ੁਰੂ ਕਰ ਦਿੱਤੀ। ਕੇਸਰਲਾਓ ਦੱਖਣੀ ਅਮਰੀਕੀ ਦੇਸ਼ਾਂ ਵਿੱਚ ਹੋਣ ਵਾਲਾ ਰਿਵਾਇਤੀ ਪ੍ਰਦਰਸ਼ਨ ਹੈ ਜਿਸ ਵਿੱਚ ਲੋਕ ਬਰਤਨ ਲੈ ਕੇ ਵਿਰੋਧ ਪੇਸ਼ ਕਰਦੇ ਹਨ। ਪ੍ਰਦਰਸ਼ਨਕਾਰੀਆਂ ਵਿੱਚ ਸ਼ਾਮਲ 25 ਸਾਲਾ ਕਲਾ ਵਿਦਿਆਰਥੀ ਕੈਥਰੀਨ ਮਾਰਟੀਨੇਜ ਨੇ ਕਿਹਾ ਕਿ ਅਸੀਂ ਡੁਕ ਸਰਕਾਰ ਖਿਲਾਫ ਪ੍ਰਦਰਸ਼ਨ ਲਈ ਇਥੇ ਇਕੱਠੇ ਹੋਏ ਹਾਂ। ਇਹ ਇੱਕ ਨਕਾਰਾ ਸਰਕਾਰ ਹੈ, ਜੋ ਬੱਚਿਆਂ ਦਾ ਕਤਲ ਕਰਦੀ ਹੈ।

# 21 ਸਾਲਾ ਮਯੰਕ ਪ੍ਰਤਾਪ ਸਿੰਘ ਭਾਰਤ ਦੇ ਸਭ ਤੋਂ ਛੋਟੀ ਉਮਰ ਦੇ ਜੱਜ ਹੋਣਗੇ

ਜੈਪੁਰ, 24 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਦੇ 21 ਸਾਲਾ ਮਯੰਕ ਪ੍ਰਤਾਪ ਸਿੰਘ ਦੇਸ਼ ਦੇ ਸਭ ਤੋਂ ਛੋਟੀ ਉਮਰ ਦੇ ਜੱਜ ਬਣ ਰਹੇ ਹਨ। ਉਹ ਰਾਜਸਥਾਨ ਜੁਡੀਸ਼ਲ ਸਰਵਿਸ ਭਰਤੀ ਪ੍ਰੀਖਿਆ-2018 ਵਿੱਚ ਟਾਪ ਉੱਤੇ ਆਏ ਹਨ। ਇਸ ਨਾਲ ਉਨ੍ਹਾਂ ਨੇ 23 ਸਾਲਾਂ ਦੀ ਉਮਰ 'ਚ ਸਭ ਤੋਂ ਛੋਟੀ ਉਮਰ ਦੇ ਜੱਜ ਹੋਣ ਦਾ ਪਹਿਲਾ ਰਿਕਾਰਡ ਤੋੜ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਵਰ੍ਹੇ ਰਾਜਸਥਾਨ ਜੁਡੀਸ਼ਲ ਸਰਵਿਸ ਵਿੱਚ ਉਮੀਦਵਾਰ ਲਈ ਘੱਟੋ-ਘੱਟ ਉਮਰ 23 ਸਾਲਾਂ ਤੋਂ ਘਟਾ ਕੇ 21 ਸਾਲ ਕੀਤੀ ਗਈ ਸੀ। ਮਯੰਕ ਜੈਪੁਰ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਦੇ ਮਾਤਾ-ਪਿਤਾ ਦੋਵੇਂ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਹਨ ਅਤੇ ਵੱਡੀ ਭੈਣ ਇੰਜੀਨੀਅਰ ਹੈ। ਉਨ੍ਹਾਂ ਨੂੰ ਇਹ ਸਫਲਤਾ ਰਾਜਸਥਾਨ ਯੂਨੀਵਰਸਿਟੀ ਤੋਂ ਇਸੇ ਵਰ੍ਹੇ ਪੰਜ ਸਾਲਾਂ ਦੀ ਐਲ ਐਲ ਬੀ ਡਿਗਰੀ ਹਾਸਲ ਕਰਨ ਪਿੱਛੋਂ ਮਿਲੀ ਹੈ। ਪੜ੍ਹਾਈ ਦੌਰਾਨ ਹੀ ਉਨ੍ਹਾਂ ਜੱਜ ਬਣਨ ਨੂੰ ਆਪਣਾ ਟੀਚਾ ਬਣਾ ਲਿਆ ਸੀ, ਪਰ ਉਹ ਸੋਚਦੇ ਸਨ ਕਿ ਪ੍ਰੀਖਿਆ 'ਚ ਬੈਠਣ ਦੀ ਘੱਟੋ-ਘੱਟ ਉਮਰ 23 ਸਾਲ ਹੋਣ ਤੱਕ ਉਹ ਕੋਚਿੰਗ ਨਾਲ ਤਿਆਰੀ ਕਰਨਗੇ ਅਤੇ ਇਸ ਸਾਲ ਨੂੰ ਉਨ੍ਹਾਂ ਨੇ ਇੱਕ ਮੌਕੇ ਵਜੋਂ ਲਿਆ ਸੀ। ਮਯੰਕ ਨੇ ਆਪਣੀ ਗ੍ਰੈਜੂਏਸ਼ਨ ਦੀ ਆਖਰੀ ਪ੍ਰੀਖਿਆ ਦੇ ਸਿਰਫ ਦੋ ਮਹੀਨਿਆਂ ਅੰਦਰ ਰਾਜਸਥਾਨ ਜੁਡੀਸ਼ਲ ਸਰਵਿਸ ਦਾ ਪੇਪਰ ਦੇ ਕੇ ਇਹ ਪ੍ਰੀਖਿਆ ਪਾਸ ਕਰ ਲਈ। ਫਿਰ ਜਦੋਂ 9 ਨਵੰਬਰ ਨੂੰ ਉਨ੍ਹਾਂ ਦਾ ਇੰਟਰਵਿਊ ਹੋਇਆ, ਜਿਸ ਵਿੱਚ ਸਬਰੀਮਾਲਾ ਨਾਲ ਜੁੜੇ ਪ੍ਰਸ਼ਨ ਪੁੱਛੇ ਗਏ ਤਾਂ ਉਹ ਪਾਸ ਹੋ ਗਏ। ਮਯੰਕ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੀ ਸਫਲਤਾ ਦਾ ਪੂਰਾ ਭਰੋਸਾ ਸੀ, ਪਰ ਇਹ ਉਨ੍ਹਾਂ ਸੁਫ਼ਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਉਹ ਪਹਿਲਾ ਰੈਂਕ ਲਿਆ ਕੇ ਰਿਕਾਰਡ ਕਾਇਮ ਕਰ ਦੇਣਗੇ।

# ਸੀ ਆਈ ਏ ਦੇ ਸਾਬਕਾ ਅਧਿਕਾਰੀ ਨੂੰ ਜਾਸੂਸੀ ਦੇ ਕੇਸ ਵਿੱਚ 19 ਸਾਲ ਜੇਲ੍ਹ



ਵਾਸ਼ਿੰਗਟਨ, 24 ਨਵੰਬਰ (ਪੋਸਟ ਬਿਊਰੋ)- ਚੀਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਦੇ ਇੱਕ ਸਾਬਕਾ ਅਧਿਕਾਰੀ ਨੂੰ 19 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਇਸ ਤਰ੍ਹਾਂ ਦੇ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਵਾਲੇ ਉਹ ਤੀਜੇ ਅਮਰੀਕੀ ਹਨ।


ਅਮਰੀਕਾ ਦੀ ਇੱਕ ਅਦਾਲਤ ਨੇ ਜੈਰੀ ਚੁਨ ਸ਼ਿੰਗ ਲੀ (55) ਨੂੰ ਕੌਮੀ ਸੁਰੱਖਿਆ ਨਾਲ ਜੁੜੀ ਜਾਣਕਾਰੀ ਚੀਨ ਨੂੰ ਦੇਣ ਦੇ ਦੋਸ਼ ਵਿੱਚ ਬੀਤੇ ਸ਼ੁੱਕਰਵਾਰ ਨੂੰ ਸਜ਼ਾ ਸੁਣਾਈ। ਅਦਾਲਤ ਵਿੱਚ ਪੇਸ਼ ਦਸਤਾਵੇਜ਼ਾਂ ਅਨੁਸਾਰ 2007 ਵਿੱਚ ਲੀ ਨੇ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ ਆਈ ਏ) ਦੀ ਨੌਕਰੀ ਛੱਡ ਦਿੱਤੀ ਤੇ ਹਾਂਗਕਾਂਗ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਸਹਾਇਕ ਅਟਾਰਨੀ ਜਨਰਲ ਜਾਂਚ ਸੀ ਡੈਮਰਸ ਨੇ ਕਿਹਾ ਕਿ ਅਸੀਂ ਚੀਨ ਸਰਕਾਰ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਕੇਵਲ ਇੱਕ ਸਾਲ ਅੰਦਰ ਤਿੰਨ ਅਮਰੀਕੀਆਂ ਨੂੰ ਦੋਸ਼ੀ ਪਾਇਆ ਹੈ। ਇਨ੍ਹਾਂ ਸਾਰਿਆਂ ਨੂੰ 10 ਸਾਲ ਤੋਂ ਵੱਧ ਦੀ ਕੈਦ ਹੋਈ ਹੈ। ਸਭ ਤੋਂ ਦੁਖਦਾਈ ਗੱਲ ਇਹ ਕਿ ਇਹ ਤਿੰਨੇ ਅਮਰੀਕੀ ਖੁਫੀਆ ਭਾਈਚਾਰੇ ਦੇ ਸਾਬਕਾ ਮੈਂਬਰ ਹਨ। ਇਨ੍ਹਾਂ ਦੀ ਸਜ਼ਾ ਵਿੱਚ ਮੌਜੂਦਾ ਤੇ ਸਾਬਕਾ ਖੁਫੀਆ ਮੁਲਾਜ਼ਮਾਂ ਵਿੱਚ ਅਜਿਹਾ ਸੰਦੇਸ਼ ਜਾਣਾ ਚਾਹੀਦਾ ਹੈ ਕਿ ਚੀਨ ਸਰਕਾਰ ਦੇ ਨਿਸ਼ਾਨੇ ਤੋਂ ਸਾਵਧਾਨ ਰਹਿਣ। ਅਪ੍ਰੈਲ 2010 ਵਿੱਚ ਦੋ ਚੀਨੀ ਖੁਫੀਆ ਅਧਿਕਾਰੀਆਂ ਨੇ ਲੀ ਨਾਲ ਸੰਪਰਕ ਕੀਤਾ ਤੇ ਰੱਖਿਆ ਸੰਬੰਧੀ ਸੂਚਨਾ ਦੇਣ ਉਤੇ ਇੱਕ ਲੱਖ ਡਾਲਰ ਨਕਦ ਦੇ ਨਾਲ ਜੀਵਨ ਭਰ ਦੇਖਭਾਲ ਦੀ ਪੇਸ਼ਕਸ਼ ਕੀਤੀ ਸੀ। 14 ਮਈ 2010 ਨੂੰ ਹਾਂਗਕਾਂਗ ਵਿੱਚ ਲੀ ਦੇ ਨਿੱਜੀ ਖਾਤੇ ਵਿੱਚ 17, 468 ਡਾਲਰ ਪਾਏ ਗਏ। 26 ਮਈ 2010 ਨੂੰ ਲੀ ਨੇ ਇੱਕ ਪੈਨ ਡਰਾਈਵ ਰਾਹੀਂ ਸੀ ਆਈ ਏ ਦੇ ਬਾਰੇ ਕਈ ਅਹਿਮ ਜਾਣਕਾਰੀਆਂ ਚੀਨੀ ਅਧਿਕਾਰੀਆਂ ਨੂੰ ਦਿੱਤੀਆਂ ਸਨ।

# 5,15,000 ਪੌਂਡ ਸੂਰ ਦੇ ਮੀਟ ਦੀ ਵਿਕਰੀ ਉਤੇ ਰੋਕ ਲੱਗੀ



ਨਿਊ ਯਾਰਕ, 24 ਨਵੰਬਰ (ਪੋਸਟ ਬਿਊਰੋ)- ਖੇਤੀਬਾੜੀ ਫੂਡ ਸੇਫਟੀ ਐਂਡ ਇੰਸਪੈਕਸ਼ਨ ਸਰਵਿਸ ਵਿਭਾਗ (ਐੱਫ ਐੱਸ ਆਈ ਐੱਸ) ਨੂੰ ਖੁਫੀਆ ਸੂਚਨਾ ਮਿਲਣ ਪਿੱਛੋਂ ਕਰੀਬ 515,000 ਪੌਂਡ ਕੱਚੇ ਸੂਰ ਦਾ ਮੀਟ ਵਾਪਸ ਮੰਗਵਾਇਆ ਜਾ ਰਿਹਾ ਹੈ, ਜਿਸ ਤੋਂ ਖੁਲਾਸਾ ਹੁੰਦਾ ਹੈ ਕਿ ਇੱਕ ਕੰਪਨੀ ਅਧਿਕਾਰਤ ਨਿਰੀਖਣ ਪ੍ਰਕਿਰਿਆ ਦੇ ਬਿਨਾਂ ਉਤਪਾਦਨ ਕਰ ਰਹੀ ਹੈ। 21 ਨਵੰਬਰ 2019 ਨੂੰ ਯੂ ਐਸ ਡੀ ਏ ਵੱਲੋਂ ਜਾਰੀ ਕੀਤਾ ਇੱਕ ਨੋਟਿਸ 25 ਨਵੰਬਰ 2017 ਤੋਂ ਨੌਂ ਨਵੰਬਰ 2019 ਵਿਚਕਾਰ ਮੌਰਿਸ ਮੀਟ ਪੈਕਿੰਗ ਨਾਲ ਤਿਆਰ ਚਾਲੀ ਤੋਂ ਵੱਧ ਸੂਰਾਂ ਦੇ ਮੀਟ ਦੀ ਵਿਕਰੀ ਨੂੰ ਪ੍ਰਭਾਵਤ ਕਰੇਗਾ ਤੇ ਇਲੀਨੋਇਸ ਵਿੱਚ ਥੋਕ ਅਤੇ ਪ੍ਰਚੂਨ ਵਿਕਰੇਤਾਵਾਂ ਭੇਜਿਆ ਗਿਆ ਹੈ। ਇਹ ਮੀਟ ਉਤਪਾਦਾਂ ਦੀ ਪੂਰੀ ਸੂਚੀ ਪ੍ਰਭਾਵਤ ਯੂ ਐੱਸ ਡੀ ਏ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਗਿਆ ਹੈ। ਉਨ੍ਹਾਂ ਦੀ ਪਛਾਣ ਰਜਿਸਟਰੇਸ਼ਨ 18267 ਦੁਆਰਾ ਵੀ ਕੀਤੀ ਜਾ ਸਕਦੀ ਹੈ, ਜੋ ਕਿ ਯੂ ਐੱਸ ਡੀ ਏ ਦੇ ਨਿਰੀਖਣ ਦੇ ਨਿਸ਼ਾਨ ਦੇ ਅੰਦਰ ਪਾਇਆ ਜਾਂਦਾ ਹੈ। ਹਾਲੇ ਤੱਕ ਮੀਟ ਖਾਣ ਨਾਲ ਬਿਮਾਰੀ ਜਾਂ ਨੁਕਸਾਨ ਦੀ ਕੋਈ ਖਬਰ ਨਹੀਂ ਹੈ, ਪਰ ਯੂ ਐੱਸ ਡੀ ਏ ਨੇ ਕਲਾਸ-1 ਵੱਲੋਂ ਸੁਚੇਤ ਕਰਨ ਦਾ ਐਲਾਨ ਕੀਤਾ ਹੈ। ਇਸ ਦਾ ਅਰਥ ਹੈ ਕਿ ਇਸ ਨੂੰ ਸਿਹਤ ਲਈ ਖਤਰੇ ਵਾਲੀ ਸਥਿਤੀ ਮੰਨਿਆ ਜਾਵੇ, ਜਿੱਥੇ ਇੱਕ ਵੱਡੀ ਸੰਭਾਵਨਾ ਹੈ ਕਿ ਉਤਪਾਦ ਦੀ ਵਰਤੋਂ ਗੰਭੀਰ, ਮਾੜੇ ਸਿਹਤ ਨਤੀਜੇ ਜਾਂ ਮੌਤ ਦਾ ਕਾਰਨ ਬਣੇਗੀ ਕਿਸੇ ਸਿਹਤ ਸਮੱਸਿਆ ਨਾਲ ਸੰਬੰਧਤ ਕਿਸੇ ਵਿਅਕਤੀ ਨੂੰ ਡਾਕਟਰੀ ਪੇਸ਼ੇਵਰ ਨਾਲ ਗੱਲ ਦੀ ਸਲਾਹ ਦਿੱਤੀ ਜਾਂਦੀ ਹੈ।

# ਅਮਰੀਕਾ ਨੇ ਵਨ ਬੈਲਟ ਵਨ ਰੋਡ ਉੱਤੇ ਭਾਰਤ ਦੀ ਚਿੰਤਾ ਵਾਜਬ ਦੱਸੀ




ਵਾਸ਼ਿੰਗਟਨ, 24 ਨਵੰਬਰ (ਪੋਸਟ ਬਿਊਰੋ)- ਚੀਨ ਦੇ ਵਨ ਬੈਲਟ ਵਨ ਰੋਡ ਪ੍ਰਾਜੈਕਟ ਉਤੇ ਭਾਰਤ ਦੀਆਂ ਚਿੰਤਾਵਾਂ ਦਾ ਅਮਰੀਕਾ ਨੇ ਸਮਰਥਨ ਕੀਤਾ ਹੈ। ਭਾਰਤ ਇਕੱਲਾ ਵੱਡਾ ਦੇਸ਼ ਹੈ, ਜਿਹੜਾ ਚੀਨ ਦੇ ਇਸ ਮਹੱਤਵ ਪੂਰਨ ਪ੍ਰਾਜੈਕਟ ਦਾ ਵਿਰੋਧ ਕਰਦਾ ਹੈ। ਇਸ ਬਾਰੇ ਭਾਰਤ ਦਾ ਕਹਿਣਾ ਹੈ ਕਿ ਵਨ ਬੈਲਟ ਵਨ ਰੋਡ ਵਾਲਾ ਪ੍ਰਮੁੱਖ ਪ੍ਰਾਜੈਕਟ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀ ਪੀ ਈ ਸੀ) ਹੈ, ਜਿਹੜਾ ਮਕਬੂਜ਼ਾ ਕਸ਼ਮੀਰ ਤੋਂ ਹੋ ਕੇ ਗੁਜ਼ਰਦਾ ਹੈ। ਭਾਰਤ ਨੂੰ ਇਸ ਪ੍ਰਾਜੈਕਟ ਦੇ ਮਕਬੂਜ਼ਾ ਕਸ਼ਮੀਰ ਤੋਂ ਗੁਜ਼ਰਨ ਉੱਤੇ ਇਤਰਾਜ਼ ਹੈ, ਕਿਉਂਕਿ ਇਸ ਨੂੰ ਉਹ ਆਪਣਾ ਹਿੱਸਾ ਮੰਨਦਾ ਹੈ। ਅਮਰੀਕਾ ਦੇ ਦੱਖਣ ਅਤੇ ਮੱਧ ਏਸ਼ੀਆ ਮਾਮਲਿਆਂ ਦੀ ਮੁਖੀ ਉਪ ਸਹਾਇਕ ਵਿਦੇਸ਼ ਮੰਤਰੀ ਐਲਿਸ ਵੇਲਜ਼ ਨੇ ਕਿਹਾ, 'ਭਾਰਤ ਨੂੰ ਜਦੋਂ ਵਨ ਬੈਲਟ ਵਨ ਰੋਡ ਪ੍ਰਾਜੈਕਟ ਦੇ ਭੂ-ਰਾਜਨੀਤਕ ਤੱਤਾਂ ਦਾ ਪਤਾ ਲੱਗਾ, ਉਦੋਂ ਤੋਂ ਉਹ ਇਸ ਦਾ ਵਿਰੋਧ ਕਰ ਰਿਹਾ ਹੈ। ਅਸੀਂ ਭਾਰਤ ਦੀ ਇਸ ਚਿੰਤਾ ਨਾਲ ਸਹਿਮਤ ਹਾਂ ਕਿ ਕਿਸੇ ਵੀ ਆਰਥਿਕ ਪ੍ਰਾਜੈਕਟ ਦੀ ਕੀਮਤ ਪ੍ਰਭੂਸੱਤਾ ਨਹੀਂ ਹੋ ਸਕਦੀ ਹੈ।' ਵੇਲਜ਼ ਨੇ ਕਿਹਾ ਕਿ ਸ੍ਰੀਲੰਕਾ ਇਕੱਲਾ ਅਜਿਹਾ ਦੇਸ਼ ਨਹੀਂ, ਜਿਸ ਨੇ ਇੱਕ ਮਹੱਤਵ ਪੂਰਨ ਅਦਾਰੇ 'ਤੇ ਆਪਣੀ ਮਾਲਕੀ ਗੁਆ ਦਿੱਤੀ। ਉਨ੍ਹਾਂ ਦਾ ਇਸ਼ਾਰਾ ਹੰਬਨਟੋਟਾ ਬੰਦਰਗਾਬ ਚੀਨ ਨੂੰ 99 ਸਾਲ ਦੀ ਲੀਜ਼ ਉੱਤੇ ਦਿੱਤੇ ਜਾਣ ਬਾਰੇ ਸੀ।


# ਗਾਂ ਚੋਰੀ ਦੇ ਸ਼ੱਕ ’ਚ ਦੋ ਜਣਿਆਂ ਨੂੰ ਕੁੱਟ-ਕੁੱਟ ਕੇ ਮਾਰ ਸੁੱਟਿਆ

ਕੂਚ ਬਿਹਾਰ, 24 ਨਵੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਕੂਚ ਬਿਹਾਰ ਜ਼ਿਲ੍ਹੇ ਵਿੱਚ ਗਾਂ ਨੂੰ ਚੋਰੀ ਕਰਨ ਦੇ ਸ਼ੱਕ ਵਿੱਚ ਭੀੜ ਨੇ ਦੋ ਜਣਿਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਮੌਬ ਲਿੰਚਿੰਗ ਦੇ ਇਸ ਕੇਸ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ 14 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਸ ਨੇ ਦੱਸਿਆ ਕਿ ਰੱਬੀ-ਉਲ-ਇਸਲਾਮ ਅਤੇ ਪ੍ਰਕਾਸ਼ ਦਾਸ ਇੱਕ ਗੱਡੀ ਵਿੱਚ ਦੋ ਗਾਵਾਂ ਲੈ ਕੇ ਜਾ ਰਹੇ ਸਨ ਤਾਂ ਮਾਥਾਬਾਂਗਲਾ ਖੇਤਰ ਵਿੱਚ ਕੱਲ੍ਹ ਇਹ ਘਟਨਾ ਵਾਪਰੀ। ਇਸ ਮੌਕੇ ਭੀੜ ਨੇ ਵਾਹਨ ਨੂੰ ਰੋਕਿਆ ਅਤੇ ਉਸ ਵਿੱਚ ਗਾਵਾਂ ਵੇਖੀਆਂ। ਲੋਕਾਂ ਨੇ ਦਾਅਵਾ ਕੀਤਾ ਕਿ ਇਹ ਗਾਂਵਾਂ ਇਸ ਇਲਾਕੇ ਵਿੱਚੋਂ ਕੁਝ ਦਿਨ ਪਹਿਲਾਂ ਚੋਰੀ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਨੂੰ ਪਸ਼ੂਆਂ ਦੇ ਸਮੱਗਲਰਾਂ ਕੋਲ ਲਿਜਾਇਆ ਜਾਣਾ ਹੈ। ਭੀੜ ਨੇ ਦੋਵਾਂ ਤੋਂ ਪੁੱਛਿਆ ਕਿ ਉਹ ਕਿਥੋਂ ਆਏ ਹਨ। ਇਸ ਪਿੱਛੋਂ ਉਨ੍ਹਾਂ ਦੋਵਾਂ ਦੀ ਕੁੱਟਮਾਰ ਕੀਤੀ ਕਰ ਕੇ ਵਾਹਨ ਨੂੰ ਅੱਗ ਲਾ ਦਿੱਤੀ ਗਈ। ਪੁਲਸ ਨੇ ਦੱਸਿਆ ਕਿ ਝੁਲਸੇ ਹੋਏ ਦੋਵਾਂ ਨੂੰ ਹਸਪਤਾਲ ਭਰਤੀ ਕਰਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।

ਪੱਛਮੀ ਬੰਗਾਲ ਵਿਧਾਨ ਸਭਾ ਨੇ ਪਿੱਛੇ ਜਿਹੇ ਪੱਛਮੀ ਬੰਗਾਲ (ਭੀੜ ਵਲੋਂ ਕੁੱਟ-ਕੁੱਟ ਕੇ ਮਾਰੇ ਜਾਣ ਨੂੰ ਰੋਕਣ) ਬਾਰੇ ਕਾਨੂੰਨ ਪਾਸ ਕੀਤਾ ਸੀ, ਜਿਸ ਨੂੰ ਗਵਰਨਰ ਵਲੋਂ ਮਨਜ਼ੂਰੀ ਮਿਲਣ ਦੀ ਉਡੀਕ ਕੀਤੀ ਜਾ ਰਹੀ ਹੈ।

# ਧਰਤੀ ਦੇ ਇੱਕ ਹਿੱਸੇ ਉੱਤੇ ਮੰਗਲ ਗ੍ਰਹਿ ਵਰਗਾ ਵਾਤਾਵਰਣ ਹੈ, ਜੀਵਨ ਦੀ ਸੰਭਾਵਨਾ ਨਹੀਂ



ਲੰਡਨ, 24 ਨਵੰਬਰ (ਪੋਸਟ ਬਿਊਰੋ)- ਖੋਜਕਾਰਾਂ ਨੇ ਧਰਤੀ 'ਤੇ ਇੱਕ ਅਜਿਹਾ ਵਾਤਾਵਰਣ ਲੱਭਿਆ ਹੈ ਜਿੱਥੇ ਜੀਵਨ ਦੀ ਸੰਭਾਵਨਾ ਨਹੀਂ। ਇਸ ਖੋਜ ਦਾ ਉਦੇਸ਼ ਜੀਵਨ ਦੀਆਂ ਸੰਭਾਵਨਾਵਾਂ ਘੱਟ ਕਰਨ ਬਾਰੇ ਜਾਣਕਾਰੀ ਲੱਭਣਾ ਹੈ।

ਨੇਚਰ ਇਕਾਲੋਜੀ ਐਂਡ ਇਵੋਲਿਊਸ਼ਨ ਨਾਮੀ ਰਸਾਲੇ 'ਚ ਛਾਪੇ ਗਏ ਇਸ ਅਧਿਐਨ ਦੇ ਮੁਤਾਬਕ ਪਤਾ ਲੱਗਾ ਹੈ ਕਿ ਇਥੋਪੀਆ ਦੇ ਡੈਲੋਲ ਦੇ ਜੀਓ ਥਰਮਲ ਖੇਤਰ ਦੇ ਗਰਮ, ਖਾਰੇ ਪਾਣੀ ਦੇ ਤਲਾਅ ਵਿੱਚ ਜੀਵਨ ਪੂਰੀ ਤਰ੍ਹਾਂ ਅਸੰਭਵ ਹੈ। ਇਨ੍ਹਾਂ ਤਲਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਸੂਖਮ ਜੀਵਨ ਦੀ ਮੌਜੂਦਗੀ ਨਹੀਂ। ਸਪੈਨਿਸ਼ ਫਾਊਂਡੇਸ਼ਨ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਖੋਜਕਾਰਾਂ ਨੇ ਦੱਸਿਆ ਕਿ ਡੈਲੋਲ ਖੇਤਰ ਨਮਕ ਨਾਲ ਭਰੇ ਜਵਾਲਾਮੁਖੀ ਦੇ ਕ੍ਰੇਟਰ 'ਤੇ ਹੈ। ਹਾਈਡ੍ਰੋਥਰਮਲ ਐਕਟੀਵਿਟੀਜ਼ ਕਾਰਨ ਇਸ ਕ੍ਰੇਟਰ ਤੋਂ ਲਗਾਤਾਰ ਉਬਲਦਾ ਪਾਣੀ ਤੇ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ।

ਉਨ੍ਹਾਂ ਦੱਸਿਆ ਕਿ ਸਰਦੀਆਂ 'ਚ ਵੀ ਇਸ ਸਥਾਨ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਵੱਧ ਹੁੰਦਾ ਹੈ ਅਤੇ ਇਹ ਧਰਤੀ 'ਤੇ ਸਭ ਤੋਂ ਗਰਮ ਵਾਤਾਵਰਣ ਵਾਲੇ ਖੇਤਰਾਂ ਵਿੱਚੋਂ ਇੱਕ ਹੈ। ਖੋਜਕਾਰਾਂ ਮੁਤਾਬਕ ਇਸ ਖੇਤਰ ਵਿੱਚ ਵੱਧ ਤੋਂ ਵੱਧ ਖਾਰੇ ਅਤੇ ਅਲਟ੍ਰਾ ਐਸੀਡਿਕ ਤਲਾਅ ਮਿਲਦੇ ਹਨ। ਸਿਫਰ (ਅਲਟਰਾ ਐਸੀਡਿਕ) ਤੋਂ ਲੈ ਕੇ 14 (ਹਾਈਲੀ ਐਲਕਲਾਈਨ) ਦੇ ਪੱਧਰ 'ਤੇ ਇਸ ਸਥਾਨ ਦੀ ਪੀ ਐਚ ਸਿਫਰ ਤੋਂ ਵੀ ਘੱਟ, ਨੈਗੇਟਿਵ, ਤੱਕ ਪਹੁੰਚ ਜਾਂਦੀ ਹੈ। ਪਹਿਲੀ ਖੋਜ 'ਚ ਇਹ ਦੱਸਿਆ ਗਿਆ ਹੈ ਕਿ ਇਸ ਮੁਸ਼ਕਲ ਵਾਤਾਵਰਣ ਵਿੱਚ ਸੂਖਮ ਜੀਵਾਂ ਦੇ ਪੈਦਾ ਹੋਣ ਦੀ ਸੰਭਾਵਨਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਗ਼ੈਰ-ਕਾਨੂੰਨੀ ਦਵਾਈਆਂ ਮੰਗਵਾਉਣ ਦੇ ਮਾਮਲੇ ’ਚ ਪੰਜਾਬੀ ਸਮੇਤ 4 ਨੂੰ ਕੈਦ



ਲੰਡਨ, 24 ਨਵੰਬਰ (ਪੋਸਟ ਬਿਊਰੋ)- ਭਾਰਤ ਤੋਂ ਗ਼ੈਰ-ਕਾਨੂੰਨੀ ਦਵਾਈਆਂ ਮੰਗਵਾਉਣ ਦਾ ਧੰਦਾ ਕਰਨ ਵਾਲੇ ਪੰਜਾਬੀ ਅਤੇ ਉਸ ਦੇ ਤਿੰਨ ਸਾਥੀਆਂ ਨੂੰ ਅਦਾਲਤ ਨੇ ਕੈਦ ਦੀ ਸਜ਼ਾ ਸੁਣਾਈ ਹੈ।

ਲੰਡਨ ਦੀ ਓਲਡ ਬੈਲੀ ਅਦਾਲਤ 'ਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ 65 ਸਾਲਾ ਗੁਰਜੈਪਾਲ ਸਿੰਘ ਢਿੱਲੋਂ ਨੇ ਨੌਜਵਾਨਾਂ ਨੂੰ ਭਲਵਾਨ ਬਣਾਉਣ ਵਾਲੀਆਂ ਗ਼ੈਰ-ਕਾਨੂੰਨੀ ਦਵਾਈਆਂ ਦੀ ਵੱਡੇ ਪੱਧਰ ਉਤੇ ਅੰਤਰਰਾਸ਼ਟਰੀ ਤਸਕਰੀ ਕੀਤੀ ਹੈ। ਉਸ ਨੇ ਮੁੰਬਈ ਦੀ ਦਵਾਈਆਂ ਬਣਾਉਣ ਵਾਲੀ ਕੰਪਨੀ ਦੇ ਮੁਖੀ 38 ਸਾਲਾ ਡੇਨ ਜੈਕਬ ਨਾਲ ਰਲ ਕੇ ਕੰਮ ਸ਼ੁਰੂ ਕੀਤਾ ਸੀ। ਇਸ ਗੈਂਗ ਵਿੱਚ ਬਰਕਸ਼ਾਇਰ ਦੇ ਸ਼ਹਿਰ ਮੇਡਨਹੈਡ ਦਾ 44 ਸਾਲਾ ਨਾਥਨ ਸੈਲਕਨ ਅਤੇ ਸਲੋਹ ਦਾ ਮੁਹੰਮਦ ਅਫਜ਼ਲ ਅਤੇ ਮੇਡਨਹੈਡ ਦਾ ਅਲੈਗਜ਼ੈਂਡਰਾ ਮਕਰੈਗਰ ਵੀ ਸ਼ਾਮਲ ਸਨ। ਕਰੀਬ 54 ਸਾਲਾ ਢਿੱਲੋਂ ਨੇ ਮੁੰਬਈ ਦੇ ਡੇਨ ਜੈਕਬ ਦੀ ਅਗਵਈ ਵਿੱਚ ਕਰੀਬ 42 ਟਨ ਗ਼ੈਰ-ਕਾਨੂੰਨੀ ਡਰੱਗ ਤਸਕਰੀ ਕੀਤੀ, ਜੋ ਆਮ ਤੌਰ ਉਤੇ ਦਵਾਈ ਦਾ ਹਿੱਸਾ ਸਮਝੀ ਜਾਂਦੀ ਸੀ, ਪਰ ਇਸ ਦੀ ਵਰਤੋਂ ਕਰਨ ਲਈ ਮਾਹਿਰ ਡਾਕਟਰਾਂ ਦੀ ਰਾਏ ਜ਼ਰੂਰੀ ਹੁੰਦੀ ਹੈ, ਇਸ ਡਰੱਗ ਨੂੰ ਤੀਜਾ ਦਰਜਾ ਦਿੱਤਾ ਜਾਂਦਾ ਹੈ। ਢਿੱਲੋਂ ਦੇ ਸਾਧਨਾਂ ਰਾਹੀਂ ਯੂ ਕੇ 'ਚ ਆਈ ਇਸ ਡਰੱਗ ਨੂੰ ਨਾਥਨ ਸੈਲਕਨ ਫਿਰ ਬਾਡੀ ਬਿਲਡਰਾਂ ਦੇ ਸੈਂਟਰਾਂ ਜਾਂ ਬਲੈਕ ਮਾਰਕੀਟ ਵਿੱਚ ਮਹਿੰਗੇ ਭਾਅ ਵੇਚਦਾ ਸੀ। ਸਾਲ 2014 ਵਿੱਚ ਭਾਰਤ ਤੋਂ ਆਈ 300 ਕਿੱਲੋ ਦੀ ਖੇਪ ਬੈਲਫਾਸਟ, ਆਇਰਲੈਂਡ ਨੂੰ ਜਾਂਦੀ ਹੀਥਰੋ ਹਵਾਈ ਅੱਡੇ 'ਤੇ ਫੜ੍ਹੇ ਜਾਣ ਪਿੱਛੋਂ ਨੈਸ਼ਨਲ ਕਰਾਈ ਬਰਾਂਚ ਨੇ ਜਾਂਚ ਕਰਕੇ ਛਾਪੇਮਾਰੀ ਕੀਤੀ ਅਤੇ ਵੱਡੀ ਕਾਮਯਾਬੀ ਹਾਸਲ ਕੀਤੀ। ਅਦਾਲਤ ਨੇ ਗੁਰਜੈਪਾਲ ਸਿੰਘ ਢਿੱਲੋਂ ਨੂੰ 5 ਸਾਲ, ਜੈਕਬ ਨੂੰ 5 ਸਾਲ 4 ਮਹੀਨੇ, ਸੈਲਕਨ ਨੂੰ 2 ਕੇਸਾਂ ਵਿੱਚ 6-6 ਸਾਲ ਅਤੇ ਮੁਹੰਮਦ ਅਫਜ਼ਲ ਨੂੰ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਅਲੈਗਜ਼ੈਂਡਰ ਮਕਰੈਗਰ ਨੂੰ ਬਿਮਾਰ ਹੋਣ ਕਾਰਨ ਜਨਵਰੀ 2020 ਵਿੱ ਸਜ਼ਾ ਸੁਣਾਈ ਜਾਵੇਗੀ।

# ਭਾਰਤ ਸਰਕਾਰ ਦਾ ਫੈਸਲਾ, ਸਿਰਫ ਪ੍ਰਧਾਨ ਮੰਤਰੀ ਨੂੰ ਹੀ ਐੱਸ ਪੀ ਜੀ ਸਕਿਓਰਟੀ ਕਵਰ ਮਿਲੇਗਾ

ਨਵੀਂ ਦਿੱਲੀ, 24 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਵੱਲੋਂ ਐੱਸ ਪੀ ਜੀ ਸੋਧ ਬਿੱਲ ਵਿੱਚ ਮਨਜ਼ੂਰ ਕੀਤੇ ਸੁਧਾਰਾਂ ਦੇ ਅਨੁਸਾਰ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ ਪੀ ਜੀ) ਦੇ ਕਮਾਂਡੋ ਅੱਗੇ ਤੋਂ ਸਾਬਕਾ ਪ੍ਰਧਾਨ ਮੰਤਰੀਆਂ ਦੇ ਰਿਸ਼ਤੇਦਾਰਾਂ ਤੇ ਸਾਬਕਾ ਪ੍ਰਧਾਨ ਮੰਤਰੀਆਂ ਦੀ ਸੁਰੱਖਿਆ ਨਹੀਂ ਕਰਨਗੇ। ਅਧਿਕਾਰੀਆਂ ਨੇ ਦੱਸਿਆ ਕਿ ਨਵਾਂ ਬਿੱਲ ਐੱਸ ਪੀ ਜੀ ਸੁਰੱਖਿਆ ਨੂੰ ਸਿਰਫ ਪ੍ਰਧਾਨ ਮੰਤਰੀ ਤੱਕ ਸੀਮਤ ਕਰ ਦੇਵੇਗਾ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਕੁਝ ਦਿਨ ਪਹਿਲਾਂ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ, ਉਨ੍ਹਾਂ ਦੇ ਪਾਰਲੀਮੈਂਟ ਮੈਂਬਰ ਬੇਟੇ ਰਾਹੁਲ ਗਾਂਧੀ ਤੇ ਬੇਟੀ ਪ੍ਰਿਯੰਕਾ ਗਾਂਧੀ ਵਾਡਰਾ ਨੂੰ ਦਿੱਤੀ ਗਈ ਐੱਸ ਪੀ ਜੀ ਸੁਰੱਖਿਆ ਵਾਪਸ ਲੈ ਲਈ ਸੀ। ਇਸ ਤੋਂ ਪਹਿਲਾਂ ਪਿਛਲੇ 28 ਸਾਲਾਂ ਤੋਂ ਨਹਿਰੂ-ਗਾਂਧੀ ਪਰਿਵਾਰ ਨੂੰ ਐੱਸ ਪੀ ਜੀ ਸੁਰੱਖਿਆ ਮਿਲ ਰਹੀ ਸੀ। ਇਸ ਸਬੰਧ ਵਿੱਚ ਐੱਸ ਪੀ ਜੀ ਐਕਟ ਵਿੱਚ ਸੋਧ ਕਰਨ ਦਾ ਬਿੱਲ ਅਗਲੇ ਹਫਤੇ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਪਾਰਲੀਮੈਂਟਰੀ ਮਾਮਲਿਆਂ ਦੇ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਅੱਜ ਸ਼ੁੱਕਰਵਾਰ ਲੋਕ ਸਭਾ ਵਿੱਚ ਦੱਸਿਆ ਕਿ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ ਪੀ ਜੀ) ਸੋਧ ਬਿੱਲ ਅਗਲੇ ਹਫਤੇ ਦੇ ਏਜੰਡੇ ਵਿੱਚ ਪੇਸ਼ ਕਰਨ ਦੇ ਲਈ ਲਿਸਟਿਡ ਹੈ। ਐੱਸ ਪੀ ਜੀ ਐਕਟ ਦੇ ਅਨੁਸਾਰ ਇਸ ਫੋਰਸ ਦੇ ਕਮਾਂਡੋ ਪ੍ਰਧਾਨ ਮੰਤਰੀ, ਉਸ ਦੇ ਨਜ਼ਦੀਕੀ ਰਿਸ਼ਤੇਦਾਰਾਂ, ਸਾਬਕਾ ਪ੍ਰਧਾਨ ਮੰਤਰੀ ਜਾਂ ਉਸ ਦੇ ਨਜ਼ਦੀਕੀ ਪਰਿਵਾਰ ਦੇ ਮੈਂਬਰਾਂ, ਨਾਮਵਰ ਫੋਰਸ ਦੀ ਸੁਰੱਖਿਆ, ਉਸ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲਣ ਦੀ ਮਿਤੀ ਤੋਂ ਇੱਕ ਸਾਲ ਤੱਕ ਕਰਦੇ ਹਨ ਅਤੇ ਖ਼ਤਰੇ ਦਾ ਪੱਧਰ ਵੇਖ ਕੇ ਇਹ ਇੱਕ ਸਾਲ ਤੋਂ ਵੱਧ ਤੱਕ ਜ਼ਿਮੇਵਾਰੀ ਸੰਭਾਲ ਸਕਣਗੇ। ਅਧਿਕਾਰੀਆਂ ਦੇ ਮੁਤਾਬਕ ਨਵੀਂ ਸੋਧ ਪਿੱਛੋਂ ਐੱਸ ਪੀ ਜੀ ਸੁਰੱਖਿਆ ਅੱਗੇ ਤੋਂ ਸਾਬਕਾ ਪ੍ਰਧਾਨ ਮੰਤਰੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਨਹੀਂ ਦਿੱਤੀ ਜਾਵੇਗੀ।

21 ਮਈ 1991 ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਐੱਸ ਪੀ ਜੀ ਸੁਰੱਖਿਆ ਕਵਰ ਦਿੱਤਾ ਗਿਆ ਸੀ। ਇਸ ਨਵੰਬਰ ਦੇ ਸ਼ੁਰੂ ਵਿੱਚ ਇਕ ਸੁਰੱਖਿਆ ਮੁਲੰਕਣ ਦੇ ਮਗਰੋਂ ਇਸ ਪਰਵਾਰ ਦਾ ਇਹ ਸਕਿਓਰਟੀ ਕਵਰ ਹਟਾਉਣ ਦਾ ਫੈਸਲਾ ਹੋ ਗਿਆ ਸੀ।

# ਪੰਜਾਬ ਉਦਯੋਗਿਕ ਖੇਤਰ ਵਿੱਚ ਮੋਹਰੀ ਬਣਨ ਦੀ ਰਾਹ ’ਤੇ : ਵਿਨੀ ਮਹਾਜਨ

## ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2019

ਚੰਡੀਗੜ੍ਹ, 24 ਨਵੰਬਰ (ਗਿਆਨ ਸਿੰਘ): ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਬਣਾਏ ਨਿਵੇਸ਼ ਪੱਖੀ ਮਾਹੌਲ ਸਦਕਾ ਪੰਜਾਬ ਇਸ ਵੇਲੇ ਉਦਯੋਗਿਕ ਖੇਤਰ ਵਿੱਚ ਮੋਹਰੀ ਬਣਨ ਦੀ ਰਾਹ ਉਤੇ ਹੈ ਅਤੇ 5 ਤੇ 6 ਦਸੰਬਰ ਨੂੰ ਇੰਡੀਅਨ ਸਕੂਲ ਆਫ਼ ਬਿਜ਼ਨਸ, ਮੁਹਾਲੀ ਵਿਖੇ ਕਰਵਾਇਆ ਜਾ ਰਿਹਾ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2019 ਇਸ ਰਾਹ ਵਿੱਚ ਅਹਿਮ ਰੋਲ ਨਿਭਾਏਗਾ।

ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਨਿਵੇਸ਼ਕ ਸੰਮੇਲਨ ਸਬੰਧੀ ਜਾਣਕਾਰੀ ਦਿੰਦਿਆਂ ਇਨਵੈਸਟਮੈਂਟ ਪ੍ਰਮੋਸ਼ਨ ਅਤੇ ਉਦਯੋਗ ਤੇ ਕਾਮਰਸ ਦੇ ਵਧੀਕ ਮੁੱਖ ਸਕੱਤਰ ਸ਼੍ਰੀਮਤੀ ਵਿਨੀ ਮਹਾਜਨ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਉਘੇ ਉਦਯੋਗਪਤੀਆਂ, ਨਵੇਂ ਯੁੱਗ ਦੇ ਉੱਦਮੀਆਂ, ਵਿਦੇਸ਼ੀ ਮਿਸ਼ਨਾਂ ਅਤੇ ਪਤਵੰਤਿਆਂ ਦੀ ਸ਼ਮੂਲੀਅਤ ਦੇਖਣ ਨੂੰ ਮਿਲੇਗੀ। ਸੰਮੇਲਨ ਪੰਜਾਬ ਦੀ ਸਫਲਤਾ ਦੀ ਕਹਾਣੀ ਨੂੰ ਅਨੁਭਵ ਕਰਨ ਅਤੇ ਰਾਜ ਦੁਆਰਾ ਪੇਸ਼ ਕੀਤੇ ਗਏ ਨਿਵੇਸ਼ ਦੇ ਅਨੇਕਾਂ ਮੌਕਿਆਂ ਦਾ ਪਤਾ ਲਗਾਉਣ ਲਈ ਇੱਕ ਆਦਰਸ਼ ਮੰਚ ਹੋਵੇਗਾ।

ਸ਼੍ਰੀਮਤੀ ਵਿਨੀ ਮਹਾਜਨ ਨੇ ਕਿਹਾ ਕਿ ਸੰਮੇਲਨ ਦਾ ਥੀਮ ‘ਬਿਲਡਿੰਗ ਪਾਰਟਨਰਸ਼ਿਪ ਫਾਰ ਇੰਕਲੂਜ਼ਿਵ ਗ੍ਰੋਥ- ਐਮ.ਐੱਸ.ਐੱਮ.ਈ. ਇਨ ਗਲੋਬਲ ਵੈਲਯੂ ਚੇਨ’ ਦੇ ਮੱਦੇਨਜ਼ਰ, ਪੰਜਾਬ ਸਰਕਾਰ ਨੇ ਵੱਡੇ ਅੰਤਰਰਾਸ਼ਟਰੀ ਨਿਵੇਸ਼ਾਂ ’ਤੇ ਪੂਰਾ ਧਿਆਨ ਕੇਂਦਰਿਤ ਕਰਨ ਦੀ ਬਜਾਏ ਬਜਾਏ ਐਮ.ਐਸ.ਐਮ.ਈਜ਼ (ਸੂਖਮ, ਲਘੂ ਤੇ ਦਰਮਿਆਨੇ ਉਦਮੀਆਂ) ਨੂੰ ਉਦਯੋਗਿਕ ਸਾਂਝੇਦਾਰੀ ਰਾਹੀਂ ਸਹਾਇਤਾ ਦੇਣ ਲਈ ਸੂਬੇ ਦੇ ਯਤਨਾਂ ਦਾ ਵਿਆਪਕ ਕਦਮ ਚੁੱਕਿਆ ਹੈ ਜਿਸ ਨਾਲ ਉਦਯੋਗਾਂ ਦੇ ਵਿਕਾਸ ਦੇ ਰਾਹ ਨੂੰ ਬਦਲਣ ਵਿੱਚ ਸਹਾਇਤਾ ਮਿਲ ਸਕਦੀ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਇਹ ਉਜਾਗਰ ਕਰਨਾ ਹੈ ਕਿ ਪੰਜਾਬ ਕੋਲ ਬਹੁਤ ਸਾਰੇ ਖੇਤਰਾਂ ਵਿੱਚ ਅਜਿਹੀਆਂ ਮਜ਼ਬੂਤ ਐਮ.ਐਸ.ਐਮ.ਈ. ਇਕਾਈਆਂ ਮੌਜੂਦ ਹਨ ਜੋ ਕਿ ਆਪਣੀ ਗਲੋਬਲ ਵੈਲਯੂ ਚੇਨਜ਼ ਵਧਾਉਣ ਲਈ ਸਹਾਇਕ ਇਕਾਈਆਂ ਦੀ ਭਾਲ ਕਰ ਰਹੇ ਅੰਤਰਰਾਸ਼ਟਰੀ ਗ੍ਰਾਹਕਾਂ ਦੇ ਵਿਕਰੇਤਾ/ਭਾਗੀਦਾਰ ਹੋ ਸਕਦੇ ਹਨ।

ਵਧੀਕ ਮੁੱਖ ਸਕੱਤਰ ਨੇ ਅੱਗੇ ਕਿਹਾ ਕਿ ਪੰਜਾਬ ਜਾਪਾਨ, ਯੂ.ਏ.ਈ., ਯੂ.ਕੇ. ਅਤੇ ਜਰਮਨੀ ਕਾਰਪੋਰੇਟਸ ਨਾਲ ਭਾਈਵਾਲੀ ਕਰ ਰਿਹਾ ਹੈ ਕਿਉਂਕਿ ਇਹ ਪੰਜਾਬ ਤੋਂ ਬਾਹਰ ਸਥਿਤ ਉਦਯੋਗਾਂ ਵਿੱਚ ਕਈ ਆਪਸੀ ਭਾਈਵਾਲੀ ਵਾਲੇ ਸਹਿਯੋਗ ਦੀਆਂ ਸੰਭਾਵਨਾਵਾਂ ਹਨ। ਇਨ੍ਹਾਂ ਦੇਸ਼ਾਂ ਦੇ ਬਹੁਤ ਸਾਰੇ ਅੰਤਰਰਾਸ਼ਟਰੀ ਖਿਡਾਰੀਆਂ ਨੇ ਪਹਿਲਾਂ ਹੀ ਸੰਮੇਲਨ ਦੌਰਾਨ ਰਾਜ ਅਤੇ ਦੇਸ਼ ਦੇ ਸੈਸ਼ਨਾਂ ਦੌਰਾਨ ਵੱਧ ਰਹੇ ਨਿਵੇਸ਼ ਵਿੱਚ ਆਪਣੀ ਦਿਲਚਸਪੀ ਜਤਾਈ ਹੈ ਜੋ ਇਨ੍ਹਾਂ ਦੇਸ਼ਾਂ ਅਤੇ ਪੰਜਾਬ ਦਰਮਿਆਨ ਮੌਜੂਦ



ਸਹਿਯੋਗ ਦੀ ਸੰਭਾਵਨਾ ਅਤੇ ਮੌਕਿਆਂ ਨੂੰ ਉਜਾਗਰ ਕਰੇਗੀ।

ਸ਼੍ਰੀਮਤੀ ਮਹਾਜਨ ਨੇ ਦੱਸਿਆ ਕਿ ਐਮ.ਐਸ.ਐਮ.ਈ. ਉਪਰ ਮੁੱਖ ਧਿਆਨ ਕੇਂਦਰਿਤ ਕਰਨ ਤੋਂ ਇਲਾਵਾ ਐਗਰੋ ਤੇ ਫੂਡ ਪ੍ਰਾਸੈਸਿੰਗ, ਹੈਲਥਕੇਅਰ, ਨਿਰਮਾਣ ਤੇ ਲਾਈਟ ਇੰਜਨੀਅਰਿੰਗ, ਪਲਾਸਿਟ ਤੇ ਪੈਟਰੋਕੈਮੀਕਲ, ਆਟੋ ਤੇ ਆਟੋ ਕੰਪੋਨੈਂਟਸ, ਹੁਨਰ ਸਿਖਲਾਈ, ਨਵੀਂ ਤੇ ਨਵਿਆਉਣਯੋਗ ਊਰਜਾ, ਨਿਊ ਮੋਬੇਲਟੀ, ਇੰਡਸਟਰੀ 4.0, ਟੈਕਸਟਾਈਲ, ਸੈਰ ਸਪਾਟਾ, ਸੂਚਨਾ ਤਕਨਾਲੋਜੀ ਅਤੇ ਸਟਾਰਟ ਅੱਪ ਨੂੰ ਵੀ ਉਤਸ਼ਾਹਤ ਕਰੇਗਾ ਕਿਉਕਿ ਇਨ੍ਹਾਂ ਖੇਤਰਾਂ ਦੀ ਵੀ ਪੰਜਾਬ ਵਿੱਚ ਅਥਾਹ ਸਮਰੱਥਾ ਹੈ ਅਤੇ ਹੋਰ ਵੀ ਵਧ-ਫੁੱਲ ਸਕਦੇ ਗਨ। ਸੰਮੇਲਨ ਦੌਰਾਨ ਵਿਸ਼ੇਸ਼ ਸੈਸ਼ਨ ਕਰਵਾਏ ਜਾਣਗੇ ਜਿਨ੍ਹਾਂ ਵਿੱਚ ਉਦਯੋਗਾਂ ਦੇ ਮੋਢੀ ਵਿਚਾਰ ਚਰਚਾ ਵਿੱਚ ਹਿੱਸਾ ਲੈਣਗੇ ਅਤੇ ਉਦਯੋਗਾਂ ਦੀਆਂ ਲੋੜਾਂ ਅਤੇ ਮੰਗਾਂ ਬਾਰੇ ਖੁੱਲ੍ਹ ਕੇ ਵਿਚਾਰ ਰੱਖਣਗੇ।

ਵਧੀਕ ਮੁੱਖ ਸਕੱਤਰ ਨੇ ਕਿਹਾ ਕਿ

### ਪੰਜਾਬ ਸਰਕਾਰ ਦੀਆਂ ਨਿਵੇਸ਼ ਪੱਖੀ ਨੀਤੀਆਂ ਸਦਕਾ ਪਿਛਲੇ ਢਾਈ ਸਾਲ ’ਚ 50,000 ਕਰੋੜ ਰੁਪਏ ਤੋਂ ਵੱਧ ਦਾ ਹੋਇਆ ਨਿਵੇਸ਼

ਪੰਜਾਬ ਇਸ ਵੇਲੇ ਐਮ.ਐਸ.ਐਮ.ਈ. ਦਾ ਧੁਰਾ ਹੈ ਜਿੱਥੇ ਸੂਬੇ ਵਿੱਚ 2 ਲੱਖ ਤੋਂ ਵੱਧ ਐਮ.ਐਸ.ਐਮ.ਈਜ਼ ਰਜਿਸਟ੍ਰਡ ਹਨ ਜਿਹੜੇ ਹਾਈ ਟੈਕ ਆਟੋ ਪਾਰਟਸ, ਤਿਆਰ ਕੀਤੇ ਜਾਣ ਵਾਲੇ ਖਾਣ ਵਾਲੇ ਪਦਾਰਥ, ਜੂਸ, ਟੈਕਸਟਾਈਲ, ਖੇਡਾਂ ਦਾ ਸਮਾਨ, ਮਸ਼ੀਨਾਂ, ਟੂਲ ਆਦਿ ਖੇਤਰ ਦੇ ਹਨ। ਸੰਮੇਲਨ ਵਿੱਚ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਜਿਹੜੀ ਪੰਜਾਬ ਵਿੱਚ ਨਿਰਮਾਣ ਹੁੰਦੀਆਂ ਵਸਤਾਂ ਦਿਖਾਏਗੀ ਜਿਹੜੀਆਂ ਵਿਸ਼ਵ ਪੱਧਰ ’ਤੇ ਦਰਾਮਦ ਕੀਤੀਆਂ ਜਾਂਦੀਆਂ ਹਨ। ਇਸ ਰਾਹੀਂ ਪ੍ਰਦਰਸ਼ਨੀ ਦੇਖਣ ਵਾਲਿਆਂ ਵਿਸ਼ਵ ਪੱਧਰੀ ਨਿਰਮਾਣ ਵਸਤਾਂ ਬਾਰੇ ਜਾਣਕਾਰੀ ਮਿਲੇਗੀ।

ਵਿਨੀ ਮਹਾਜਨ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਸੁਯੋਗ ਅਗਵਾਈ ਸਦਕਾ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚ ਨਿਵੇਸ਼ ਪੱਖੀ ਮਾਹੌਲ ਸਿਰਜਿਆ ਗਿਆ ਹੈ ਜਿਸ ਦਾ ਪ੍ਰਮਾਣ ਹੈ ਕਿ ਪਿਛਲੇ ਢਾਈ ਸਾਲਾਂ ਦੇ ਥੋੜੇ ਜਿਹੇ ਅਰਸੇ ਦੌਰਾਨ ਪੰਜਾਬ ਵਿੱਚ 50,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋਇਆ ਹੈ। ਪੰਜਾਬ ਵਿੱਚ ਉਦਯੋਗਾਂ ਦੇ ਵਿਕਾਸ ਦੀ ਨੀਤੀ ਅਤੇ ਵਪਾਰ ਲਈ ਸੌਖ ਕਰਨ ਵਿੱਚ ਹੋਏ ਵੱਡੇ ਸੁਧਾਰਾਂ ਸਦਕਾ ਇਹ ਨਿਵੇਸ਼ ਸੰਭਵ ਹੋਇਆ ਹੈ।

ਸ਼੍ਰੀਮਤੀ ਮਹਾਜਨ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਲੁਧਿਆਣਾ ਤੇ ਮੁਹਾਲੀ ਵਿਖੇ ਮੋਬੇਲਟੀ ਸੈਕਟਰ, ਬਿਜਲਈ ਵਾਹਨਾਂ ਤੇ ਇੰਜਨੀਅਰਿੰਗ ਵਸਤਾਂ ’ਤੇ ਖਾਸ ਜ਼ੋਰ ਦਿੰਦਿਆਂ ਹਾਈਟੈਕ ਉਦਯੋਗਾਂ ਲਈ ਵਿਸ਼ੇਸ਼ ਪਾਰਕ ਬਣਾਏ ਜਾ ਰਹੇ ਹਨ। ਸੂਬੇ ਵਿੱਚ ਹੋਏ ਵੱਡੇ ਨਿਵੇਸ਼ਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਪਠਾਨਕੋਟ ਵਿਖੇ 41 ਏਕੜ ਰਕਬੇ ਵਿੱਚ 800 ਕਰੋੜ ਦਾ ਪੈਪਸੀਕੋ ਯੂਨਿਟ (ਵਰੁਣ ਬੇਵੇਰਜਜ਼) ਲੁਧਿਆਣਾ ਵਿੱਚ 521 ਕਰੋੜ ਰੁਪਏ ਦਾ ਸੀ.ਐਨ. ਆਈ.ਐਫ.ਐਫ.ਸੀ.ਓ. ਫਰੋਜ਼ਨ ਫੂਡਜ਼ ਫੂਡ ਪ੍ਰਾਸੈਸਿੰਗ, ਲੁਧਿਆਣਾ ਵਿੱਚ 550 ਕਰੋੜ ਰੁਪਏ ਦਾ ਹੈਪੀ ਫੋਰਗਿੰਗਜ਼ (ਫੋਰਸਿੰਗ ਤੇ ਮਸ਼ੀਨਰੀ) ਅਤੇ ਲੁਧਿਆਣਾ ਵਿੱਚ 237 ਕਰੋੜ ਰੁਪਏ ਦਾ ਵਰਧਮਾਨ ਸਪੈਸ਼ਲ ਸਟੀਲ ਪ੍ਰਾਜੈਕਟ ਅਹਿਮ ਪ੍ਰਾਜੈਕਟ ਹਨ।

ਪੰਜਾਬ ਸਰਕਾਰ ਵੱਲੋਂ ਇਨਵੈਸਟ ਪੰਜਾਬ ਦੇ ਨਾਂ ਹੇਠ ਇਕੋ ਹੀ ਦਫਤਰ ਨਿਵੇਸ਼ਕਾਂ ਦੀ ਸਹੂਲਤ ਲਈ ਹੈ ਜਿੱਥੇ ਹਰ ਤਰ੍ਹਾਂ ਦੀ ਜਾਣਕਾਰੀ, ਸਾਰੀਆਂ ਸਹੂਲਤਾਂ ਅਤੇ ਪ੍ਰਵਾਨਗੀਆਂ ਆਦਿ ਇਕ ਛੱਤ ਹੇਠਾਂ ਮਿਲਦੀਆਂ ਹਨ। ਬਿਊਰੋ ਹੁਣ ਆਨਲਾਈਨ ਇਨਵੈਸਟ ਪੰਜਾਬ ਬਿਜਨਿਸ ਫਰਟ ਪੋਰਟਲ ਰਾਹੀਂ 12 ਵਿਭਾਗਾਂ ਦੀਆਂ 66 ਰੈਗੂਲੇਟਰੀ ਸੇਵਾਵਾਂ, 34 ਵਿੱਤੀ ਰਿਆਇਤਾਂ, ਅੰਤ ਤੋਂ ਅੰਤ ਤੱਕ ਆਨਲਾਈਨ ਪ੍ਰਾਸੈਸਿੰਗ, ਰੀਅਲ ਟਾਈਮ ਇਨਵੈਸਟਮੈਂਟ ਟਰੈਕਰ ਅਤੇ ਸਮਰਪਿਤ ਰਿਲੇਸ਼ਨਸ਼ਿਪ ਮੈਨੇਜਰ ਦੀਆਂ ਸੇਵਾਵਾਂ ਦੇ ਰਹੀ ਹੈ। ਬਿਊਰੋ ਨੇ ਐਮ.ਐਸ.ਐਮ.ਈ. ਯੂਨਿਟ ਨੂੰ ਸਿੱਧਾ ਫਾਇਦਾ ਪਹੁੰਚਾਣ ਲਈ ਹਾਲ ਹੀ ਵਿੱਚ ਇਨਵੈਸਟ ਪੰਜਾਬ ਮਾਡਲ ਦਾ ਘੇਰਾ ਜ਼ਿਲਾ ਪੱਧਰ ਤੱਕ ਵੀ ਵਧਾਇਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਕ ਹੋਰ ਅਹਿਮ ਪਹਿਲਕਦਮੀ ਤਹਿਤ 48 ਫੋਕਲ ਪੁਆਇੰਟਾਂ ਲਈ ਆਨਲਾਈਨ ਲੈਂਡ ਬੈਂਕਾਂ ਦਾ ਨਿਰਮਾਣ ਕੀਤਾ ਗਿਆ ਹੈ ਜੋ ਕਿ ਸਾਰੇ ਪ੍ਰਸੰਗਕ ਵੇਰਵੇ ਜਿਵੇਂ ਕਿ ਖਾਕਾ ਯੋਜਨਾਵਾਂ, ਪਲਾਟਾਂ ਦੀ ਗਿਣਤੀ, ਈ-ਨਿਲਾਮੀ/ਅਲਾਟਮੈਂਟ ਦੇ ਸਬੰਧੀ ਜਾਣਕਾਰੀ ਆਦਿ ਸ਼ਾਮਲ ਹੈ। ਇਸ ਦੇ ਨਾਲ ਹੀ ਸਾਰੇ ਉਦਯੋਗਿਕ ਫੋਕਲ ਪੁਆਇੰਟਾਂ ਲਈ ਦੀ ਜੀ.ਆਈ.ਐਸ-ਅਧਾਰਤ ਮੈਪਿੰਗ ਵੀ ਕੀਤੀ ਗਈ ਹੈ ਜਿਸ ਵਿੱਚ ਜ਼ਮੀਨਾਂ ਦੇ ਮੌਜੂਦਾ ਰੇਟ ਅਤੇ ਫੋਕਲ ਪੁਆਇੰਟਸ ਵਿਚ ਉਪਲੱਬਧ ਬੁਨਿਆਦੀ ਢਾਂਚੇ ਸਬੰਧੀ ਵੇਰਵਿਆਂ ਦੀ ਜਾਣਕਾਰੀ ਸ਼ਾਮਲ ਹੈ।

ਇਸ ਤੋਂ ਇਲਾਵਾ ਸੂਬੇ ਵਿੱਚ ਕੇਂਦਰੀ ਜਾਂਚ ਪ੍ਰਣਾਲੀ ਸਥਾਪਤ ਕੀਤੀ ਗਈ ਹੈ ਤਾਂ ਜੋ ਇਨ੍ਹਾਂ ਇਕਾਈਆਂ ਲਈ ਕਿਰਤ ਵਿਭਾਗ, ਡਾਇਰੈਕਟੋਰੇਟ ਆਫ ਬੁਆਇਲਰਜ਼ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ) ਦੁਆਰਾ ਆਪਸੀ ਤਾਲਮੇਲ ਰਾਹੀਂ ਸਾਂਝੇ ਨਿਰੀਖਣ ਕੀਤੇ ਜਾ ਸਕਣ। ਇਹ ਸਾਈਟ ਨਿਰੀਖਣ ਸਾਰੇ ਹਿੱਸਾ ਲੈ ਰਹੇ ਵਿਭਾਗਾਂ ਵੱਲੋਂ ਅੰਤਿਮ ਮੰਨਿਆ ਜਾਵੇਗਾ ਅਤੇ ਇਸ ਨਾਲ ਕਾਰੋਬਾਰਾਂ ਦੇ ਮੰਡੀਕਰਨ ਦੀ ਪ੍ਰਕਿਰਿਆ ਦੇ ਸਮੇਂ ਨੂੰ ਘਟਾ ਗਤੀਸ਼ੀਲਤਾ ਲਿਆਉਣ ਵਿਚ ਸਹਾਇਤਾ ਮਿਲੇਗੀ। ਜੂਨ 2019 ਤੱਕ 250 ਤੋਂ ਵੱਧ ਵਿਭਾਗਾਂ ਵਲੋਂ ਸਫਲ ਸੰਯੁਕਤ ਜਾਂਚ ਕੀਤੀ ਜਾ ਚੁੱਕੀ ਹੈ।

ਹੋਰ ਉਦਯੋਗਿਕ ਅਤੇ ਨਿਵੇਸ਼ਕ ਪਹਿਲਕਦਮੀਆਂ ਵਿੱਚ ਕਾਰੋਬਾਰਾਂ ਲਈ ਆਟੋਮੈਟਿਕ ਕੰਪਿਊਟਰਾਈਜ਼ਡ ਜੋਖਮ ਦਾ ਮੁਲਾਂਕਣ ਕਰਨਾ, ਜੋਖਮਾਂ ਸਬੰਧੀ ਸਪੱਸ਼ਟ ਤੌਰ ’ਤੇ ਪ੍ਰਭਾਸ਼ਿਤ ਮਾਪਦੰਡ, ਨਿਰੀਖਣ ਪ੍ਰਕਿਰਿਆ ਅਤੇ ਚੈਕਲਿਸਟਾਂ, ਇੰਸਪੈਕਟਰਾਂ ਦੀ ਬੇਤਰਤੀਬ ਵੰਡ, 48 ਘੰਟੇ ਦੇ ਅੰਦਰ ਅੰਦਰ ਇੰਸਪੈਕਟਰ ਦੁਆਰਾ ਜਮ੍ਹਾਂ ਕਰਨ ਵਾਲੀਆਂ ਸਾਰੀਆਂ ਨਿਰੀਖਣ ਰਿਪੋਰਟਾਂ ਅਤੇ ਸਾਰੇ ਉਦਯੋਗਾਂ ਸਾਲ 2022 ਤੱਕ 5 ਪ੍ਰਤੀ ਯੂਨਿਟ ਬਿਜਲੀ ਦੀ ਉਪਲੱਬਧਤਾ ਸ਼ਾਮਲ ਹਨ।

ਪੰਜਾਬ ਸਰਕਾਰ ਨੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਪੰਜਾਬ ਦੇ ਸਾਰੇ ਉਦਯੋਗਾਂ ਨੂੰ 24 ਘੰਟੇ ਮਿਆਰੀ ਬਿਜਲੀ ਸਪਲਾਈ ਉਪਲਬਧ ਕਰਵਾਈ ਜਾਵੇ। ਰਾਜ ਵਿਚ ਬਿਜਲੀ ਦਾ ਬੁਨਿਆਦੀ ਢਾਂਚਾ ਵੀ ਬਹੁਤ ਮਜ਼ਬੂਤ ਹੈ ਕਿਉਂਕਿ 400 ਕੇ.ਵੀ. ਰਿੰਗ ਮੇਨ ਸਿਸਟਮ ਸਥਾਪਤ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਹੈ। ਇਸ ਤੋਂ ਇਲਾਵਾ ਦੇਸ਼ ਭਰ ਵਿੱਚ ਵਿਕਰੀ ’ਤੇ ਨਿਵੇਸ਼ਕਾਂ ਨੂੰ ਜੀ.ਐਸ.ਟੀ ਦੀ ਭਰਪਾਈ ਕਰਨ ਵਾਲਾ ਪੰਜਾਬ ਪਹਿਲਾ ਰਾਜ ਹੈ। ਇਸ ਮਹੱਤਵਪੂਰਣ ਸੁਧਾਰ ਦੀ ਉਨ੍ਹਾਂ ਨਿਵੇਸ਼ਕਾਂ ਦੁਆਰਾ ਬਹੁਤ ਪ੍ਰਸ਼ੰਸਾ ਕੀਤੀ ਗਈ ਹੈ ਜਿਨ੍ਹਾਂ ਕੋਲ ਆਪਣੀ ਨਿਰਧਾਰਤ ਪੂੰਜੀ ਨਿਵੇਸ਼ ਦੇ 200 ਫੀਸਦੀ ਤੱਕ ਦਾ ਮੁਨਾਫਾ ਹਾਸਲ ਕਰਨ ਦਾ ਵਿਕਲਪ ਮੌਜੂਦ ਹੈ। ਇਹ ਉਦਯੋਗਿਕ ਵਪਾਰ ਵਿਕਾਸ ਨੀਤੀ ਕਈ ਹੋਰ ਆਕਰਸ਼ਕ ਲਾਭ ਵੀ ਪ੍ਰਦਾਨ ਕਰਦੀ ਹੈ ਜਿਸ ਵਿੱਚ ਰੁਜ਼ਗਾਰ ਪੈਦਾ ਕਰਨ ਲਈ ਪ੍ਰਤੀ ਕਰਮਚਾਰੀ (ਪ੍ਰਤੀ ਸਾਲ ਵੱਧ ਤੋਂ ਵੱਧ 5 ਸਾਲ ਲਈ) 48,000 ਰੁਪਏ ਦੀ ਸਬਸਿਡੀ, ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਤੋਂ ਛੋਟ, ਸੀ.ਐਲ.ਯੂ. / ਈ.ਡੀ.ਸੀ. ਚਾਰਜਜ ਅਤੇ ਨਾਲ ਹੀ ਜਾਇਦਾਦ ਟੈਕਸ ਸ਼ਾਮਲ ਹਨ।

ਵਧੀਕ ਮੁੱਖ ਸਕੱਤਰ ਨੇ ਇਹ ਵੀ ਦੱਸਿਆ ਕਿ ਪੰਜਾਬ ਨੂੰ ਸਾਲ 2018 ਅਤੇ 2019 ਲਈ ਭਾਰਤ ਸਰਕਾਰ ਦੀ ਸੌਖੀ ਲੌਜਿਸਟਿਕਸ ਰੈਂਕਿੰਗ ਵਿਚ ਦੂਸਰਾ ਸਥਾਨ ਦਿੱਤਾ ਗਿਆ ਹੈ। ਰਾਜ ਚਾਰ-ਛੇ ਮਾਰਗੀ ਨਾਲ 100 ਫੀਸਦੀ ਸੜਕੀ ਸੰਪਰਕ ਦੀ ਪੇਸ਼ਕਸ਼ ਕਰਦਾ ਹੈ ਜਿਸ ਨਾਲ ਸੁਵਿਧਾਜਨਕ ਆਵਾਜਾਈ ਅਤੇ ਵਪਾਰਕ ਗਤੀਵਿਧੀਆਂ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਸਰਕਾਰ ਨੇ ਕਾਰਟਲਾਈਜ਼ੇਸ਼ਨ ਦੀ ਜਾਂਚ ਕਰਨ ਲਈ ਟਰੱਕ ਯੂਨੀਅਨਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਗਾਹਕਾਂ ਨੂੰ ਵਾਜਬ ਕੀਮਤਾਂ ’ਤੇ ਮਾਲ-ਵਾਹਨਾਂ ਦੀ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਇਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਆਪਣੇ ਨੂੰ ਬਹੁਤ ਸ਼ਾਂਤਮਈ ਅਤੇ ਸਦਭਾਵਨਾਤਮਕ ਕਿਰਤ-ਪ੍ਰਬੰਧਨ ਸਬੰਧਾਂ ’ਤੇ ਮਾਣ ਕਰਦਾ ਹੈ। ਪਿਛਲੇ 3 ਦਹਾਕਿਆਂ ਵਿੱਚ ਪੰਜਾਬ ਨੇ ਕੋਈ ਵੱਡੀ ਹੜਤਾਲ/ਤਾਲਾਬੰਦੀ ਨਹੀਂ ਵੇਖੀ। ਸੂਬਾ ਉਤਪਾਦਨ ਅਤੇ ਸੇਵਾ ਦੋਵਾਂ ਖੇਤਰਾਂ ਵਿੱਚ ਹਰ ਕਿਸਮ ਦੇ ਉਦਯੋਗਾਂ ਲਈ ਪੂਰੀ ਬਰਾਬਰੀ ਨਾਲ ਪੁਰਸ਼ਾਂ ਅਤੇ ਔਰਤਾਂ ਲਈ 24 ਘੰਟਿਆਂ ਦੀ ਸ਼ਿਫਟ ਦੀ ਆਗਿਆ ਦਿੰਦਾ ਹੈ। ਪੰਜਾਬ ਸਰਕਾਰ ਨੇ ਐਮ.ਐਸ.ਐਮ.ਈਜ਼ ਨੂੰ ਸਨਮਾਨਤ ਕਰਨ ਲਈ ਪੰਜਾਬ ਰਾਜ ਐਮ.ਐਸ.ਐਮ.ਈ. ਪੁਰਸਕਾਰਾਂ ਦੀ ਸ਼ੁਰੂਆਤ ਕੀਤੀ ਹੈ ਜਿਨ੍ਹਾਂ ਨੇ ਕਾਰੋਬਾਰਾਂ ਵਿੱਚ ਮਜ਼ਬੂਤ ਵਿਕਾਸ ਦਰਜ ਕੀਤਾ ਹੈ ਅਤੇ ਉਤਪਾਦਾਂ ਦੀ ਗੁਣਵੱਤਾ ਵਿੱਚ ਭਾਰੀ ਸੁਧਾਰ ਦਾ ਪ੍ਰਦਰਸ਼ਨ ਕੀਤਾ ਹੈ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5’5’’, ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11”, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4’’, ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਵਿਸ਼ੇਸ਼ ਸਾਜਿਸ਼ ਅਧੀਨ ਪੰਜਾਬ ਨੂੰ ਸ਼ਾਸਤਰ ਨਾਲੋਂ ਤੋੜਕੇ ਸ਼ਸਤਰ ਨਾਲ ਜੋੜਿਆ ਗਿਆ : ਗੁਰਭਜਨ ਗਿੱਲ



ਬਰਮਿੰਘਮ, 24 ਨਵੰਬਰ (ਗਿਆਨ ਸਿੰਘ): ਯੂਰਪੀ ਪੰਜਾਬੀ ਸੱਥ ਯੂਕੇ ਵੱਲੋਂ ਗੁਰੂ ਨਾਨਕ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰੂ ਨਾਨਕ ਗੁਰਦਵਾਰਾ ਸਮੈਦਿਕ (ਬਰਮਿੰਘਮ)ਵਿਖੇ ਇੱਕ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਵਿੱਚ ਬੋਲਦਿਆਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਪੰਜਾਬ ਵਿਸ਼ਵ ਸਭਿਅਤਾ ਦਾ ਪੰਘੂੜਾ ਸਿਰਫ਼ ਗਿਆਨ ਤੇ ਸ਼ਾਸਤਰਾਂ ਕਰਕੇ ਸੀ ਪਰ ਵੱਖ ਵੱਖ ਸਮੇਂ ਦੇ ਸ਼ਾਤਰ ਹਾਕਮਾਂ ਨੇ ਸਾਨੂੰ ਸ਼ਸਤਰ ਦੀ ਮਹਿਮਾ ਏਨੀ ਚੁਸਤੀ ਨਾਲ ਸਿਖਾਈ ਕਿ ਅਸੀਂ ਖੜਗ ਭੁਜਾ ਬਣਨ ਵਿੱਚ ਹੀ ਮਾਣ ਮਹਿਸੂਸ ਕਰਨ ਲੱਗ ਪਏ।

ਅਸੀਂ ਇਹ ਵਿਸਾਰ ਹੀ ਲਿਆ ਕਿ ਕਿਲ੍ਹਿਆਂ ਦੇ ਮਾਲਕ ਕਿਲ੍ਹੇਦਾਰ ਤੋਬਦਾਰ ਤੋਂ ਵੱਡੇ ਹੁੰਦੇ ਹਨ। ਹੌਲੀ ਹੌਲੀ ਸਾਨੂੰ ਹੋਸ਼ ਨਾਲੋਂ ਤੋੜ ਕੇ ਸਿਰਫ਼ ਜੋਸ਼ ਨਾਲ ਜੋੜਿਆ ਗਿਆ। ਗੁਰੂ ਨਾਨਕ ਪਾਤਿਸ਼ਾਹ ਨੇ ਇਸ ਲੋੜ ਨੂੰ ਮਹਿਸੂਸਦਿਆਂ ਹੀ ਸਾਨੂੰ ਨਵੇਂ ਨਵੇਲੇ ਧਰਤੀ ਧਰਮ ਮਰਯਾਦਾ ਤੇ ਸੱਚ ਬੋਲਣ ਦੇ ਨਾਲ ਨਾਲ ਇਸ ਦੀ ਰਖਵਾਲੀ ਨਾਲ ਜੋੜਿਆ।

ਤੇਗਾਂ ਤੀਰਾਂ ਤੇ ਫੌਜਾਂ ਤੋਂ ਬਗੈਰ ਸਮੁੱਚੇ ਵਿਸ਼ਵ ਵਿਚ ਆਪਣੀ ਸੋਚ ਧਾਰਾ ਦੇ ਲੋਹਾ ਮੰਨਵਾਉਣਾ ਸਹਿਜ ਕਾਰਜ ਨਹੀਂ ਸੀ।

ਆਪਣੇ ਮਹਾਨ ਗੁਰਉਪਦੇਸ਼ ਭੁਲਾਉਣ ਦਾ ਹੀ ਅਸੀਂ ਖ਼ਮਿਆਜ਼ਾ ਭੁਗਤ ਰਹੇ ਹਾਂ ਕਿ ਇੱਕ ਗੁਰੂ ਗਰੰਥ ਸਾਹਿਬ ਦੇ ਵਿਸ਼ਵਾਸੀਆਂ ਦੀ ਜੀਵਨ ਤੋਰ ਵੱਖਰੀ ਵੱਖਰੀ ਹੈ। ਹਉਮੈਂ ਦੇ ਪਹਾੜ ਉਚੇਰੇ ਹੋ ਰਹੇ ਹਨ ਅਤੇ ਸ਼ਬਦ ਸਭਿਆਚਾਰ ਸਹਿਕ ਰਿਹਾ ਹੈ।

ਸਮਾਗਮ ਦੀ ਸ਼ੁਰੂਆਤ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਬਰਮਿੰਘਮ ਦੇ ਵਿੱਤ ਸਕੱਤਰ ਸ: ਹਰਦੇਵ ਸਿੰਘ ਮੰਡ ਤੇ ਹਰਜਿੰਦਰ ਸਿੰਘ ਸੰਧੂ ਨੇ ਆਪਣੇ ਸਵਾਗਤੀ ਭਾਸ਼ਨ ਦੁਆਰਾ ਹੋਈ।

ਮੰਚ ਸੰਚਾਲਨ ਕਰਦਿਆਂ ਖੋਜੀ ਵਿਦਵਾਨ ਲੇਖਕ ਬਲਵਿੰਦਰ ਸਿੰਘ ਚਾਹਲ ਨੇ ਗੁਰਭਜਨ ਗਿੱਲ ਜੀ ਦੀ ਸੰਖੇਪ ਸਾਹਿੱਤਕ ਜਾਣ ਪਛਾਣ ਕਰਵਾਈ।

ਵੱਖ ਵੱਖ ਕਵੀ ਬੁਲਾਰਿਆਂ ਨੇ ਗੁਰੂ ਨਾਨਕ ਜੀ ਦੇ ਜੀਵਨ ਸੰਬੰਧੀ ਕਵਿਤਾ ਪਾਠ ਅਤੇ ਹੋਰ ਵਿਚਾਰਾਂ ਕੀਤੀਆਂ।

ਬਾਲ ਕਵੀ ਜਸਜੀਤ ਸਿੰਘ ਚਾਹਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਵਿਤਾ ਪੇਸ਼ ਕਰਕੇ ਕਵੀ ਦਰਬਾਰ ਦਾ ਆਰੰਭ ਕੀਤਾ।

ਇਸ ਸਮੇਂ ਬੋਲਦੇ ਹੋਏ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਵਿਚਾਰ ਵਟਾਂਦਰੇ ਦੌਰਾਨ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਨੂੰ ਸਮਝਣ ਤੇ ਜੋਰ ਦਿੱਤਾ। ਉਹਨਾਂ ਨੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ' ਦੇ ਸਿਧਾਂਤ ਬਾਰੇ ਕਿਹਾ ਕਿ ਗੁਰੂ ਜੀ ਨੇ ਬਹੁਤ ਸਰਲ ਸ਼ਬਦਾਂ ਵਿੱਚ ਸਾਨੂੰ ਹਵਾ, ਪਾਣੀ ਅਤੇ ਧਰਤੀ ਦੀ ਸੰਭਾਲ ਬਾਰੇ ਸੁਨੇਹਾ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਅੱਜ ਅਸੀਂ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਮੰਨਣ ਦੀ ਬਜਾਏ, ਗੁਰੂ ਅਤੇ ਗੁਰਬਾਣੀ ਨਾਲ ਵਿਚਾਰ ਕਰਨ ਦੀ ਬਜਾਏ ਅਡੰਬਰਾਂ ਵਿੱਚ ਖਚਿਤ ਹੋ ਰਹੇ ਹਾਂ। ਜਿਸਦਾ ਕਾਰਨ ਅਸੀਂ ਨਿਘਾਰ ਵੱਲ ਜਾ ਰਹੇ ਹਾਂ।

ਇਸ ਤੋਂ ਬਾਅਦ ਯੋਰਪੀਨ ਪੰਜਾਬੀ ਸੱਥ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿ ਕਿਹਾ ਪੰਜਾਬੀ ਸੱਥ ਯੂਕੇ ਪੰਜਾਬੀ ਬੋਲੀ ਅਤੇ ਸਾਹਿਤ ਦੀ ਸੇਵਾ ਲਈ ਸਦਾ ਵੱਚਨਬੱਧ ਹੈ। ਇਸ ਦੌਰਾਨ ਪੰਜਾਬੀ ਸੱਥ ਵੱਲੋਂ ਗੁਰੂ ਨਾਨਕ ਜੀ 550 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ "ਜਗਤ ਗੁਰ ਬਾਬਾ" ਕਿਤਾਬ ਨੂੰ ਰਿਲੀਜ਼ ਵੀ ਕੀਤਾ ਗਿਆ।

ਹੋਰ ਬੁਲਾਰਿਆਂ ਤੇ ਕਵੀਆਂ ਵਿੱਚ ਨਿਰਮਲ ਸਿੰਘ ਕੰਧਾਲਵੀ, ਸਰਦੂਲ ਸਿੰਘ ਮਰਵਾਹਾ, ਪ੍ਰੋ ਸੰਗਿਰਾ ਸਿੰਘ ਢਿੱਲੋਂ, ਸੁਖਦੇਵ ਸਿੰਘ ਬਾਂਸਲ, ਐੱਸ ਬਲਵੰਤ, ਮਨਮੋਹਨ ਸਿੰਘ ਮਹੇੜੂ, ਰੁਪਿੰਦਰ ਸਿੰਘ ਕੁੰਦਰਾ, ਬੀਬੀ ਰੁਪਿੰਦਰਜੀਤ ਕੌਰ ਨੇ ਭਾਗ ਲਿਆ।

ਇਸ ਮੌਕੇ ਕੇ ਟੀ ਵੀ ਦੇ ਪੇਸ਼ਕਾਰ ਬਲਜਿੰਦਰ ਸਿੰਘ, ਵਰਿੰਦਰਪਾਲ ਸਿੰਘ ਗਿੱਲ, ਰਾਣਾ ਜੌਹਲ, ਰਾਣਾ ਬਾਸੀ ਮਾਧੋਝੰਡਾ, ਕੁਲਦੀਪ ਸਿੰਘ ਚਾਹਲ, ਸਵਰਨ ਸਿੰਘ ਚਾਹਲ, ਮਹਿੰਦਰ ਸਿੰਘ ਚਾਹਲ , ਅਮਰੀਕ ਸਿੰਘ ਧੌਲ, ਮਹਿੰਦਰ ਸਿੰਘ ਦਿਲਬਰ,ਕੁਲਵਿੰਦਰ ਸਿੰਘ ਸੰਧੂ, ਗੁਰਪ੍ਰੀਤ ਕੁਮਾਰ, ਦਰਸ਼ਨ ਹਠੂਰ, ਕੁਲਵਿੰਦਰ ਸਿੰਘ ਪਾਹਲ, ਗੁਰਪ੍ਰੀਤ ਕੌਰ ਚਾਹਲ ਆਦਿ ਹਾਜ਼ਰ ਸਨ।

ਇਸ ਮੌਕੇ ਯੋਰਪੀਨ ਪੰਜਾਬੀ ਸੱਥ ਤੇ ਸਾਹਿੱਤ ਸੰਗੀਤ ਸਭਾ ਇਟਲੀ ਵੱਲੋਂ ਗੁਰਭਜਨ ਗਿੱਲ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਵਰਿੰਦਰਪਾਲ ਸਿਘ ਗਿੱਲ ਨੇ ਕਾਵਿ ਸਿਰਜਣਾ ਕਰਨ ਲਈ ਇੱਕ ਯਾਦਗਾਰੀ ਪੈੱਨ ਭੇਟ ਕੀਤਾ। ਬਰਮਿੰਘ ਤੋਂ ਵਿਦਾਈ ਵੇਲੇ ਪ੍ਰਸਿੱਧ ਪੰਜਾਬੀ ਗੀਤਕਾਰ ਹਰਜਿੰਦਰ ਮੱਲ ਵਿਸ਼ੇਸ਼ ਤੌਰ ਤੇ ਵਾਲਸਾਲ ਤੋਂ ਪੁੱਜੇ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

TransExpert NOW HIRING! Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE $1,279,900 Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE $129,900 Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

## CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਘੁਮੰਡ ਤੋੜ ਦਿੰਦਾ ਹੈ ਥੀਏਟਰ : ਵਰਧਨ ਪੁਰੀ

ਸਵਰਗੀ ਅਮਰੀਸ਼ ਪੁਰੀ ਦੇ ਪੋਤੇ ਵਰਧਨ ਪੁਰੀ ਫਿਲਮ 'ਯੇ ਸਾਲੀ ਆਸ਼ਿਕੀ' ਨਾਲ ਹਿੰਦੀ ਸਿਨੇਮਾ ਵਿੱਚ ਐਕਟਿੰਗ ਦੇ ਸਫਰ ਸ਼ੁਰੂ ਕਰ ਰਹੇ ਹਨ। ਉਸ ਨੇ ਆਪਣੇ ਬਚਪਨ, ਦਾਦਾ ਨਾਲ ਲਗਾਅ ਅਤੇ ਥੀਏਟਰ ਬਾਰੇ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ। ਪੇਸ਼ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



* ਪ੍ਰਸਿੱਧ ਥੀਏਟਰ ਕਲਾਕਾਰ ਸਤਿਅਦੇਵ ਦੁਬੇ ਅਮਰੀਸ਼ ਜੀ ਦੇ ਮੇਂਟਰ ਸਨ ਅਤੇ ਤੁਹਾਡੇ ਵੀ...

– ਇਹ ਦਾਦੂ ਨੇ ਹੀ ਤੈਅ ਕੀਤਾ ਸੀ। ਜਦ ਮੈਂ ਛੋਟਾ ਸੀ ਤਾਂ ਦੁਬੇ ਜੀ ਘਰ ਆਉਂਦੇ ਸਨ। ਉਹ ਦਾਦੂ ਨੂੰ ਕਹਿੰਦੇ ਸਨ, ਮੈਨੂੰ ਲੱਗਦਾ ਹੈ ਕਿ ਇਹ ਲੜਕਾ ਐਕਟਰ ਹੈ। ਦਾਦੂ ਨੇ ਸੋਚਿਆ ਕਿ ਜੇ ਇਸ ਦੀ ਦਿਲਚਸਪੀ ਹੈ ਤਾਂ ਇਸ ਨੂੰ ਥੀਏਟਰ ਨਾਲ ਜੋੜੋ। ਪੰਜ ਸਾਲ ਦੀ ਉਮਰ ਤੋਂ ਮੈਂ ਥੀਏਟਰ ਕਰਨ ਲੱਗਾ ਸੀ। ਮੈਂ ਦੁਬੇ ਜੀ ਦੇ ਜ਼ਿਆਦਾਤਰ ਨਾਟਕਾਂ ਦਾ ਹਿੱਸਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਇੱਕ ਵਾਰ ਮੈਂ ਦਰੱਖਤ ਬਣਿਆ ਸੀ ਤੇ ਇੱਕ ਵਾਰ ਗਾਂਧੀ ਜੀ ਬਣਿਆ ਸੀ। ਅੱਠ ਸਾਲ ਦੀ ਉਮਰ ਵਿੱਚ ਮੈਂ ਸਟੇਜ 'ਤੇ ਪਹਿਲਾ ਵੱਡਾ ਰੋਲ ਕੀਤਾ ਸੀ।

* ਤੁਸੀਂ ਸ਼ੁਰੂਆਤ ਵਿੱਚ ਥੀਏਟਰ ਵਿੱਚ ਚਾਹ-ਕੌਫੀ ਸਰਵ ਕਰਨ ਦਾ ਕੰਮ ਵੀ ਕੀਤਾ। ਅਮਰੀਸ਼ ਪੁਰੀ ਦੇ ਪੋਤੇ ਹੋਣ ਦਾ ਘੁਮੰਡ ਤਾਂ ਨਹੀਂ ਸੀ?

– ਥੀਏਟਰ ਤੁਹਾਡਾ ਘੁਮੰਡ ਤੋੜ ਦਿੰਦਾ ਹੈ। ਜਾਹਰ ਗੱਲ ਹੈ ਕਿ ਘੱਟ ਉਮਰ ਵਿੱਚ ਆਦਮੀ ਨਾਦਾਨ ਹੁੰਦਾ ਹੈ। ਘੁਮੰਡ ਆ ਜਾਂਦਾ ਹੈ ਕਿ ਮੇਰੇ ਦਾਦਾ ਵੱਡੇ ਸਟਾਰ ਸਨ। ਸ਼ਾਇਦ ਇਨ੍ਹਾਂ ਕਾਰਨਾਂ ਕਰ ਕੇ ਉਨ੍ਹਾਂ ਨੇ ਹਮੇਸ਼ਾ ਮੈਨੂੰ ਜ਼ਮੀਨ ਨਾਲ ਜੋੜ ਕੇ ਰੱਖਿਆ। ਅਜਿਹਾ ਮਾਹੌਲ ਵਿੱਚ ਰੱਖਿਆ ਜਿੱਥੇ ਘੁਮੰਡ ਚਕਨਾਚੂਰ ਹੋ ਜਾਏਗਾ। ਕਦੇ ਕਦੇ ਸੀਨੀਅਰ ਐਕਟਰ ਪ੍ਰਫਾਰਮੈਂਸ ਦੇ ਦਬਾਅ ਵਿੱਚ ਕੁਝ ਏਦਾਂ ਵਤੀਰਾ ਕਰਦੇ ਹਨ ਕਿ ਸਾਹਮਣੇ ਵਾਲੇ ਨੂੰ ਜ਼ਿੱਲਤ ਸਹਿਣੀ ਪੈਂਦੀ ਹੈ। ਉਸ ਤੋਂ ਅਸੀਂ ਸਿਖ ਜਾਂਦੇ ਹਾਂ ਕਿ ਅਸੀਂ ਕੁਝ ਨਹੀਂ। ਥੀਏਟਰ ਪਹਿਲਾਂ ਆਦਮੀ ਦਾ ਘੁਮੰਡ ਤੋੜ ਕੇ ਜ਼ੀਰੋ ਤੇ ਲਿਆਉਂਦਾ ਹੈ ਤੇ ਫਿਰ ਉਸ ਨੂੰ ਬਣਾਉਂਦਾ ਹੈ। ਮੈਨੂੰ ਉਥੇ ਮਜ਼ਾ ਆਉਂਦਾ ਸੀ, ਉਥੇ ਮੇਰੀ ਦੁਨੀਆ ਸੀ। ਮੈਂ ਦਿਨ ਵਿੱਚ ਚਾਰ-ਪੰਜ ਘੰਟੇ ਦੁਬੇ ਜੀ ਦੇ ਨਾਲ ਪ੍ਰਿਥਵੀ ਥੀਏਟਰ ਵਿੱਚ ਰਹਿੰਦਾ ਸੀ। ਦੁਬੇ ਜੀ ਸਖਤ ਟੀਚਰ ਸਨ। ਮੈਂ ਉਸ ਤੋਂ ਅਤੇ ਦਾਦੂ ਤੋਂ ਜਿੰਨਾ ਵੀ ਸਿਖਿਆ ਹੈ ਉਹ ਸਾਰੀ ਉਮਰ ਕੰਮ ਆਏਗਾ।

* ਤੁਸੀਂ ਕਦੇ ਬਤੌਰ ਬਾਲ ਕਲਾਕਾਰ ਫਿਲਮਾਂ ਵਿੱਚ ਕੰਮ ਨਹੀਂ ਕਰਨਾ ਚਾਹਿਆ?

– ਨਹੀਂ। ਇੱਕ ਵਾਰ ਸੁਭਾਸ਼ ਗਈ ਦਾਦੂ ਦੇ ਜਨਮ ਦਿਨ 'ਤੇ ਘਰ ਆਏ ਸਨ। ਉਨ੍ਹਾਂ ਨੇ ਪੇਸ਼ਕਸ਼ ਵੀ ਦਿੱਤੀ, ਪ੍ਰੰਤੂ ਦਾਦੂ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਤਦ ਮੈਂ ਇੱਕ-ਦੋ ਦਿਨ ਨਿਰਾਸ਼ ਰਿਹਾ। ਮੈਨੂੰ ਲੱਗਾ ਕਿ ਇੰਨਾ ਵਧੀਆ ਮੌਕਾ ਮਿਲਿਆ ਸੀ। ਮੈਂ ਦਾਦੂ ਤੇ ਸ਼ਾਹਰੁਖ ਖਾਨ ਦੇ ਨਾਲ ਕੰਮ ਕਰ ਪਾਉਂਦਾ। ਮੈਂ ਪੁੱਛਿਆ ਕਿ ਮੈਨੂੰ ਕੰਮ ਕਿਉਂ ਨਹੀਂ ਕਰਨਾ ਦੇਂਦੇ? ਉਨ੍ਹਾਂ ਨੇ ਕਿਹਾ ਕਿ ਸਿਰਫ ਆਪਣੀ ਪੜ੍ਹਾਈ 'ਤੇ ਧਿਆਨ ਦਿਓ। ਜਦ ਮੈਂ ਚੌਦ੍ਹਾਂ ਸਾਲ ਦਾ ਹੋਇਆ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਜੇ ਮੈਂ ਤੈਨੂੰ ਉਸ ਵਕਤ ਕੰਮ ਕਰਨ ਦਿੰਦਾ ਤਾਂ ਤੂੰ ਅੱਜ ਇੰਨਾ ਸੰਭਲਿਆ ਨਹੀਂ ਹੁੰਦਾ। ਤਦ ਮੈਨੂੰ ਇਹ ਗੱਲ ਸਮਝ ਆਈ।

* ਤੁਹਾਡੇ ਦਾਦਾ ਫਿਲਮੀ ਵਿਲੇਨ ਸਨ ਤਾਂ ਸਕੂਲ ਵਿੱਚ ਦੋਸਤਾਂ ਦਾ ਵਤੀਰਾ ਕਿਹੋ ਜਿਹਾ ਹੁੰਦਾ ਸੀ?

– ਦਾਦੂ ਦਾ ਪ੍ਰਭਾਵ ਇੰਨਾ ਸੀ ਕਿ ਦੋਸਤ ਘਰ ਨਹੀਂ ਆਉਂਦੇ ਸਨ। ਉਨ੍ਹਾਂ ਦੇ ਮਾਤਾ-ਪਿਤਾ ਡਰਦੇ ਸਨ ਕਿ ਨਾ ਜਾਣੇ ਅਮਰੀਸ਼ ਪੁਰੀ ਨਿੱਜੀ ਜ਼ਿੰਦਗੀ ਵਿੱਚ ਕਿਹੋ ਜਿਹੇ ਹੋਣਗੇ, ਪਰ ਜਦ ਕਦੇ ਮੇਰੇ ਦੋਸਤ ਘਰ ਆਉਂਦੇ ਤਾਂ ਕੁਝ ਮਿੰਟਾਂ ਵਿੱਚ ਦਾਦੂ ਨਾਲ ਘੁਲ ਮਿਲ ਜਾਂਦੇ ਸਨ। ਅਸਲ ਵਿੱਚ ਉਹ ਬੇਹੱਦ ਉਤਸ਼ਾਹ ਨਾਲ ਲੋਕਾਂ ਨੂੰ ਮਿਲਦੇ ਸਨ।

* ਹਬੀਬ ਫੈਜ਼ਲ ਨੂੰ ਅਸਿਸਟ ਕਰਨ ਦੀ ਕਿਵੇਂ ਸੋਚੀ?

– ਮੈਂ ਅਸਿਸਟੈਂਟ ਡਾਇਰੈਕਟਰ ਬਣਨ ਲਈ ਯਸ਼ਰਾਜ ਨੂੰ ਫੋਨ ਕਰ ਰਿਹਾ ਸੀ ਤਾਂ ਯਸ਼ਰਾਜ ਦੇ ਐਗਜ਼ੀਕਿਊਟਿਵ ਪ੍ਰੋਡਿਊਸਰ ਆਸ਼ੀਸ਼ ਸਿੰਘ ਮੇਰੀ ਮੁਲਾਕਾਤ ਨਾਲ ਹੋਈ। ਉਨ੍ਹਾਂ ਨੇ ਮੇਰੀ ਮੁਲਾਕਾਤ ਆਦਿੱਤਯ ਚੋਪੜਾ ਨਾਲ ਕਰਾਈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਫਿਲਮ ਨਿਰਮਾਣ ਸਿੱਖਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਮੇਰੇ ਇਥੇ ਬਹੁਤ ਸਾਰੇ ਡਾਇਰੈਕਟ ਹਨ। ਉਨ੍ਹਾਂ ਨਾਲ ਗੱਲ ਕਰ ਲਓ। ਜੇ ਕਿਸੇ ਨੂੰ ਤੁਸੀਂ ਸਹੀ ਲੱਗੇ ਤਾਂ ਚੋਣ ਹੋ ਜਾਏਗੀ। ਮੈਂ ਹਬੀਬ ਸਰ ਨੂੰ ਮਿ-ਲਿਆ। ਉਨ੍ਹਾਂ ਨੇ ਮੈਨੂੰ ਕੁਝ ਕਠਿਨ ਸਵਾਲ ਪੁੱਛੇ ਕਿ ਮੈਚ ਕਟ, ਫਲੈਟ ਕਸਟ ਕੀ ਹੁੰਦਾ ਹੈ, ਚਰਿੱਤਰ ਨਿਰਮਾਣ ਵਿੱਚ ਕਿੰਨੇ ਪਹਿਲੂ ਹੁੰਦੇ ਹਨ? ਮੈਨੂੰ ਕੋਈ ਜਾਣਕਾਰੀ ਨਹੀਂ ਸੀ ਕਿਉਂਕਿ ਮੈਂ ਸਿਰਫ ਸਟੇਜ ਬਾਰੇ ਜਾਣਦਾ ਸੀ। ਮੈਂ ਬੜੀ ਸ਼ਰਮਿੰਦਗੀ ਨਾਲ ਉਨ੍ਹਾਂ ਨੂੰ ਕਿਹਾ ਕਿ ਸਰ ਮੈਨੂੰ ਕੁਝ ਨਹੀਂ ਆਉਂਦਾ। ਉਨ੍ਹਾਂ ਨੇ ਮੁਸਕਰਾ ਕੇ ਕਿਹਾ ਕਿ ਤੁਹਾਡੀ ਚੋਣ ਹੋ ਗਈ ਹੈ। ਮੈਂ ਹੈਰਾਨ ਰਹਿ ਗਿਆ। ਉਨ੍ਹਾਂ ਕਿਹਾ ਕਿ ਕਿਸੇ ਨੂੰ ਪੂਰੀ ਜਾਣਕਾਰੀ ਹੋਵੇ ਜਾਂ ਕੁਝ ਨਾ ਆਉਂਦਾ ਹੋਵੇ, ਤੂੰ ਬਿਲਕੁਲ ਕੋਰਾ ਕਾਗਜ਼ ਏਂ। ਤੇਰੇ ਬੋਰਡ 'ਤੇ ਜੋ ਵੀ ਲਿਖਣਾ ਹੈ, ਮੈਂ ਲਿਖਾਂਗਾ। ਏਥੋਂ ਮੇਰਾ ਸਫਰ ਸ਼ੁਰੂ ਹੋਇਆ। ਮੈਂ 'ਇਸ਼ਕਜ਼ਾਦੇ' ਵਿੱਚ ਉਨ੍ਹਾਂ ਦੇ ਨਾਲ ਕੰਮ ਕੀਤਾ। ਫਿਰ 'ਸ਼ੁੱਧ ਦੇਸੀ ਰੋਮਾਂਸ' ਵਿੱਚ ਮਨੀਸ਼ ਸ਼ਰਮਾ ਦੇ ਨਾਲ ਅਤੇ 'ਦਾਅਵਤ-ਏ-ਇਸ਼ਕ' ਵਿੱਚ ਹਬੀਬ ਫੈਜ਼ਲ ਦੇ ਨਾਲ ਦੋਬਾਰਾ ਕੰਮ ਕੀਤਾ।

* ਤੁਸੀਂ ਸਹਿ ਨਿਰਮਾਤਾ ਜਯੰਤੀ ਲਾਲ ਗਡਾ ਨਾਲ ਪੀਰੀਅਡ ਫਿਲਮ ਕਰਨ ਵਾਲੇ ਸਨ। ਫਿਰ 'ਯੇ ਸਾਲੀ ਜ਼ਿੰਦਗੀ' ਨਾਲ ਕਿਵੇਂ ਜੁੜਨਾ ਹੋਇਆ?

– ਉਹ ਵੱਡੇ ਬਜਟ ਦੀ ਫਿਲਮ ਸੀ। 'ਪਦਮਾਵਤ' ਬਾਰੇ ਹੋਏ ਹੰਗਾਮੇ ਦੇ ਬਾਅਦ ਫਿਲਮ ਨੂੰ ਬੰਦ ਕਰਨਾ ਪਿਆ। ਤਦ ਜਯੰਤੀ ਅੰਕਲ ਨੇ ਮੇਰੇ ਆਡੀਸ਼ਨ ਦੇਖੇ ਸਨ। ਉਨ੍ਹਾਂ ਨੇ ਕਿਹਾ ਕਿ ਸੀ ਕਿ ਅਸੀਂ ਜਲਦ ਹੀ ਕਿਸੇ ਹੋਰ ਫਿਲਮ 'ਤੇ ਕੰਮ ਕਰਾਂਗੇ। ਜਦ 'ਯੇ ਸਾਲੀ ਆਸ਼ਿਕੀ' ਦੀ ਸਕ੍ਰਿਪਟ ਲਿਖੀ ਗਈ ਤਾਂ ਮੈਂ ਉਨ੍ਹਾਂ ਨੂੰ ਮੈਸੇਜ ਕੀਤਾ। ਅਗਲੇ ਦਿਨ ਐਤਵਾਰ ਨੂੰ ਉਨ੍ਹਾਂ ਨੇ ਮੈਨੂੰ ਬੁਲਾਇਆ ਅਤੇ ਦੋ ਦਿਨ ਬਾਅਦ ਫਿਲਮ ਦੀ ਪ੍ਰਕਿਰਿਆ ਆਰੰਭ ਹੋ ਗਈ।

## ਕ੍ਰਿਸ਼ਮਾ ਵਰਗਾ ਹੋਵੇਗਾ ਭੂਮੀ ਦਾ ਅੰਦਾਜ਼



ਕਿਸੇ ਵੀ ਕਿਰਦਾਰ ਨੂੰ ਨਿਭਾਉਣ ਲਈ ਕਲਾਕਾਰਾਂ ਦੇ ਕੋਲ ਕੋਈ ਨਾ ਕੋਈ ਪ੍ਰੇਰਨਾ ਜਾਂ ਨਿਰਦੇਸ਼ ਹੁੰਦੇ ਹਨ, ਜਿਸ ਦੇ ਆਧਾਰ 'ਤੇ ਉਹ ਆਪਣੇ ਕਿਰਦਾਰ ਨੂੰ ਵਿਕਸਿਤ ਕਰਦੇ ਹਨ। ਪਹਿਲੀ ਵਾਰ ਕਮਰਸ਼ੀਅਲ ਅਭਿਨੇਤਰੀ ਦੇ ਰੂਪ ਵਿੱਚ ਭੂਮੀ ਪੇਡਨੇਕਰ ਦਰਸ਼ਕਾਂ ਸਾਹਮਣੇ ਆ ਰਹੀ ਹੈ। ਕਾਰਤਿਕ ਆਰੀਅਨ, ਭੂਮੀ ਪੇਡਨੇਕਰ ਅਤੇ ਅਨੰਨਿਆ ਪਾਂਡੇ ਅਭਿਨੀਤ ਫਿਲਮ 'ਪਤੀ, ਪਤਨੀ ਔਰ ਵੋਹ' ਵਿੱਚ ਭੂਮੀ ਪਤਨੀ ਦਾ ਕਿਰਦਾਰ ਨਿਭਾਏਗੀ। ਭੂਮੀ ਦਾ ਕਿਰਦਾਰ ਸਾਧਾਰਣ ਤੋਂ ਤੇਜ਼ ਤਰਾਰ ਪਤਨੀ ਬਣਨ ਦਾ ਹੈ। ਅਜਿਹੇ ਵਿੱਚ ਆਪਣੇ ਕਿਰਦਾਰ ਦੀਆਂ ਤਿਆਰੀਆਂ ਦੇ ਲਈ ਭੂਮੀ ਨੂੰ ਯਾਦ ਆਈ ਆਪਣੀ ਪਸੰਦੀਦਾ ਅਭਿਨੇਤਰੀ ਕ੍ਰਿਸ਼ਮਾ ਕਪੂਰ ਦੀ ਫਿਲਮ 'ਬੀਵੀ ਨੰਬਰ ਵਨ'।

ਭੂਮੀ ਨੇ ਦੱਸਿਆ ਕਿ ਪਤਨੀ ਦੇ ਕਿਰਦਾਰ ਨੂੰ ਨਿਭਾਉਣ ਲਈ 'ਬੀਵੀ ਨੰਬਰ ਵਨ' ਫਿਲਮ ਉਸ ਦੇ ਲਈ ਸਭ ਤੋਂ ਵੱਡੀ ਪ੍ਰੇਰਨਾ ਰਹੀ। ਫਿਲਮ ਵਿੱਚ ਕ੍ਰਿਸ਼ਮਾ ਕਪੂਰ ਦਾ ਕੰਮ ਦੇਖ ਕੇ ਭੂਮੀ ਹੈਰਾਨ ਰਹਿ ਗਈ। ਭੂਮੀ ਦੱਸਦੀ ਹੈ ਕਿ ਉਹ ਬਚਪਨ ਤੋਂ ਕ੍ਰਿਸ਼ਮਾ ਦੀ ਫੈਨ ਰਹੀ ਹੈ। ਉਸ ਨੇ ਇੱਕ ਡ੍ਰੈਸ ਵੀ ਖਰੀਦੀ, ਜੋ 'ਰਾਜਾ ਹਿੰਦੋਸਤਾਨੀ' ਫਿਲਮ ਵਿੱਚ ਕ੍ਰਿਸ਼ਮਾ ਵੱਲੋਂ ਪਹਿਨੀ ਗਈ ਡ੍ਰੈਸ ਦੀ ਤਰ੍ਹਾਂ ਸੀ। ਭੂਮੀ ਦੇ ਮੁਤਾਬਕ ਇਹ ਸਭ ਕੁਝ ਇੱਕ ਸੁਫਨੇ ਦੇ ਸੱਚ ਹੋਣ ਵਾਂਗ ਹੈ ਕਿ ਉਹ 'ਬੀਵੀ ਨੰਬਰ ਵਨ' ਫਿਲਮ ਦੀ ਤਰ੍ਹਾਂ ਕ੍ਰਿਸ਼ਮਾ ਕਪੂਰ ਵਰਗਾ ਕਿਰਦਾਰ ਨਿਭਾਉਣ ਵਾਲੀ ਹੈ।

## ਨਿਰਮਾਤਾ ਬਣੀ ਕੰਗਨਾ, ਜਲਦੀ ਕਰੇਗੀ ਫਿਲਮ ਦੀ ਐਲਾਨ



ਇਸ ਸਾਲ 'ਮਣੀਕਰਣਿਕਾ' ਨਾਲ ਨਿਰਦੇਸ਼ਨ ਦੇ ਖੇਤਰ ਵਿੱਚ ਕਦਮ ਰੱਖਣ ਦੇ ਬਾਅਦ ਕੰਗਨਾ ਰਣੌਤ ਆਪਣੇ ਪ੍ਰੋਡਕਸ਼ਨ ਹਾਊਸ ਹੇਠ ਬਣਨ ਵਾਲੀ ਫਿਲਮ ਦੀ ਐਲਾਨ ਕਰਨ ਦੀ ਤਿਆਰੀ ਵਿੱਚ ਹੈ। ਇਸ ਗੱਲ ਦੀ ਜਾਣਕਾਰੀ ਉਨ੍ਹਾਂ ਦੀ ਭੈਣ ਰੰਗੋਲੀ ਚੰਦੇਲ ਨੇ ਸੋਸ਼ਲ ਮੀਡੀਆ 'ਤੇ ਦਿੱਤੀ ਹੈ। ਖਬਰਾਂ ਹਨ ਕਿ ਕੰਗਨਾ ਆਪਣਾ ਪ੍ਰੋਡਕਸ਼ਨ ਹਾਊਸ ਅਗਲੇ ਸਾਲ ਜਨਵਰੀ ਤੱਕ ਸ਼ੁਰੂ ਕਰ ਸਕਦੀ ਹੈ। ਉਨ੍ਹਾਂ ਦੇ ਪ੍ਰੋਡਕਸ਼ਨ ਵਿੱਚ ਬਣਨ ਵਾਲੀ ਫਿਲਮ ਦਾ ਵਿਸ਼ਾ ਕੀ ਹੋ ਸਕਦਾ ਹੈ, ਇਸ ਦਾ ਸੰਕੇਤ ਰੰਗੋਲੀ ਨੇ ਦੇ ਦਿੱਤਾ ਹੈ। ਪਹਿਲੇ ਟਵੀਟ ਵਿੱਚ ਉਨ੍ਹਾਂ ਲਿਖਿਆ ਹੈ, ਇਹ ਸਾਫ ਨਹੀਂ ਕਿ ਅੱਜ ਰਾਣੀ ਮਣੀਕਰਣਿਕਾ ਦੀ ਜਯੰਤੀ ਹੈ, ਉਨ੍ਹਾਂ ਦਿਨਾਂ ਵਿੱਚ ਅੰਗਰੇਜ਼ੀ ਕੈਲੰਡਰ ਨਹੀਂ ਹੁੰਦੇ ਸਨ, ਪਰ ਸ਼ਹੀਦਾਂ ਨੂੰ ਯਾਦ ਕਰਨਾ ਚੰਗੀ ਗੱਲ ਹੁੰਦੀ ਹੈ। ਇਹ ਟਵੀਟ ਅੱਗੇ ਜਾਰੀ ਰੱਖਦੇ ਹੋਏ ਉਨ੍ਹਾਂ ਨੇ ਲਿਖਿਆ, ਕੰਗਨਾ ਨੇ ਆਪਣੇ ਪ੍ਰੋਡਕਸ਼ਨ ਦਾ ਨਾਂਅ ਝਾਂਸੀ ਦੀ ਰਾਣੀ ਦੇ ਨਾਂਅ 'ਤੇ ਰੱਖਿਆ ਹੈ, ਜਿਸ ਦਾ ਨਾਂਅ ਹੈ ਮਣੀਕਰਣਿਕਾ ਫਿਲਮਜ਼। ਉਹ ਉਨ੍ਹਾਂ ਵਿਸ਼ਿਆਂ 'ਤੇ ਫਿਲਮਾਂ ਬਣਾਏਗੀ, ਜਿਸ 'ਤੇ ਗੱਲ ਕਰਨ ਤੋਂ ਲੋਕ ਡਰਦੇ ਹਨ। ਜਲਦ ਹੀ ਐਲਾਨ ਹੋਣ ਵਾਲੀ ਹੈ।

ਫਿਲਹਾਲ ਕੰਗਨਾ ਜੈਲਲਿਤਾ 'ਤੇ ਬਣਨ ਵਾਲੀ ਬਾਇਓਪਿਕ 'ਥਲਾਈਵਾ' ਵਿੱਚ ਬਿਜ਼ੀ ਹੈ। ਇਸ ਦੇ ਇਲਾਵਾ ਉਹ ਅਸ਼ਵਨੀ ਅਈਅਰ ਤਿਵਾੜੀ ਦੀ ਫਿਲਮ 'ਪੰਗਾ' ਵਿੱਚ ਵੀ ਨਜ਼ਰ ਆਏਗੀ।

## ਭਗਵਾਨ ਦਾ ਨਾਂਅ ਲੈ ਕੇ ਹਾਂ ਕਰ ਦਿੱਤੀ ਅਤੇ 'ਪਾਗਲਪੰਤੀ' ਵਿੱਚ ਬਣ ਗਿਆ ਵਾਈ-ਫਾਈ : ਅਨਿਲ ਕਪੂਰ



ਅਨਿਲ ਕਪੂਰ ਨੂੰ ਐਵੇਂ ਝੱਕਾਸ ਨਹੀਂ ਕਿਹਾ ਜਾਂਦਾ। ਉਹ ਕੰਮ ਬਾਰੇ ਆਪਣੀ ਸਟਾਈਲ ਫਾਲੋ ਕਰਦੇ ਹਨ ਤੇ ਕਿਸੇ ਫਿਲਮ ਦੀ ਸਕ੍ਰਿਪਟ ਪਸੰਦ ਨਾ ਆਉਣ 'ਤੇ ਆਪਣੇ ਕਰੀਬੀ ਮੇਕਰ ਨੂੰ ਵੀ ਝਟ ਨਾਂਹ ਕਹਿ ਦਿੰਦੇ ਹਨ। ਕਿਸੇ ਤਰ੍ਹਾਂ ਦਾ ਕੋਈ ਸੰਕੋਚ ਨਹੀਂ ਕਰਦੇ। ਅਜਿਹਾ ਹੀ ਆਉਣ ਵਾਲੀ ਫਿਲਮ 'ਪਾਗਲਪੰਤੀ' ਦੇ ਨਾਲ ਵੀ ਹੋਇਆ। ਪੇਸ਼ ਹਨ ਉਸ ਨਾਲ ਹੋਈ ਮੁਲਾਕ-ਾਤ ਦੇ ਕੁਝ ਅੰਸ਼ :

* ਅਨੀਸ ਬਜ਼ਮੀ ਦੇ ਨਾਲ ਚੰਗੇ ਸੰਬੰਧ ਹਨ। ਫਿਰ ਵੀ 'ਪਾਗਲਪੰਤੀ' ਨੂੰ ਮਨ੍ਹਾ ਕਰਨ ਵਾਲੇ ਸੀ?

–ਜੀ ਹਾਂ, ਪਹਿਲੀ ਗੱਲ ਇਹ ਕਿ ਮੈਨੂੰ ਇਹ ਫਿਲਮ ਆਫਰ ਹੋਈ ਤਾਂ ਮੈਂ 'ਟੋਟਲ ਧਮਾਲ' ਕਰ ਰਿਹਾ ਸੀ। ਦੂਸਰੀ ਗੱਲ ਜੋ ਰੋਲ 'ਪਾਗਲਪੰਤੀ' ਲਈ ਅਨੀਸ ਬਜ਼ਮੀ ਜੀ ਨੇ ਮੈਨੂੰ ਆਫਰ ਕੀਤਾ ਸੀ, ਮੈਨੂੰ ਲੱਗਾ ਕਿ ਮੈਂ ਉਸ ਨੂੰ ਜਸਟੀਫਾਈ ਨਾ ਕਰ ਸਕਾਂ ਤਾਂ ਕੀ ਹੋਵੇਗਾ। ਇਹੀ ਉਹ ਰੀਜ਼ਨ ਸੀ, ਜਿਸ ਕਾਰਨ ਮੈਂ ਇਹ ਫਿਲਮ ਨਹੀਂ ਕਰਨ ਵਾਲਾ ਸੀ।

* ਤੁਹਾਡੇ ਕਰੈਕਟਰ ਦੇ ਕ੍ਰਿਏਸ਼ਨ ਦੀ ਕੀ ਕਹਾਣੀ ਹੈ?

– ਜਿਵੇਂ ਫਿਲਮ ਦਾ ਟਾਈਟਲ ਪਹਿਲਾਂ 'ਸਾੜਸਤੀ' ਸੀ, ਉਵੇਂ ਹੀ ਮੇਰੇ ਕਰੈਕਟਰ ਦਾ ਨਾਮ ਜੁਗਨੂੰ ਸੀ। ਉਸੇ ਨਾਂਅ ਤੋਂ ਅਨੀਸ ਬਜ਼ਮੀ ਨੇ ਨੈਰੇਸ਼ਨ ਵਿੱਚ ਮੈਨੂੰ ਇੱਕ-ਅੱਧ ਸੀਨ ਸੁਣਾਏ। ਉਥੇ ਕੁਮਾਰ ਜੀ, ਰਿੱਕੂ ਜੀ, ਭੂਸ਼ਣ ਕੁਮਾਰ ਬਤੌਰ ਸਹਿ-ਪ੍ਰੋਡਿਊਸਰ ਵੀ ਆ ਗਿਆ। ਫਿਰ ਮੇਰੇ ਭਰਾ ਬੋਨੀ ਕਪੂਰ ਨਾਲ ਆ ਗਏ। ਉਨ੍ਹਾਂ ਨੇ ਵੀ ਕਿਹਾ ਕਿ ਤੂੰ ਕਰ ਲੈ ਇਹ ਫਿਲਮ। ਇੰਝ ਮੈਂ ਵਾਈ-ਫਾਈ ਦੇ ਲਈ ਹਾਂ ਕਹਿ ਦਿੱਤੀ।

* ਅਜੇ ਦੇਵਗਨ ਨੇ ਵੀ ਤਾਂ ਮਨ੍ਹਾ ਕਰ ਦਿੱਤਾ ਸੀ?

– ਅਜੈ ਉਸ ਵਕਤ 'ਟੋਟਲ ਧਮਾਲ' ਅਤੇ 'ਗੋਲਮਾਲ' ਸੀਰੀਜ਼ ਵਿੱਚ ਬਿਜ਼ੀ ਸਨ। ਅਜਿਹੇ ਵਿੱਚ ਉਨ੍ਹਾਂ ਨੇ ਇਸ ਤੋਂ ਮਨ੍ਹਾ ਕਰ ਦਿੱਤਾ। ਤਦ ਪਤਾ ਲੱਗਾ ਕਿ ਜਾਨ ਅਬਰਾਹਮ ਬੋਰਡ 'ਤੇ ਆ ਗਏ। ਉਹ ਜੁਗਲਬੰਦੀ ਵੀ ਸਹੀ ਰਹੀ, ਕਿਉਂਕਿ ਤਦ ਤੱਕ ਜਾਨ ਦੇ ਨਾਲ ਤਿੰਨ ਚਾਰ ਫਿਲਮਾਂ ਕਰ ਚੁੱਕਾ ਸੀ। 'ਵੈਲਕਮ ਬੈਕ' ਵਿੱਚ ਦੇ ਨਾਲ ਕਾਫੀ ਚੰਗੀ ਬਾਂਡਿੰਗ ਹੋਈ ਸੀ। ਉਹ ਚੰਗੀ ਸਕਸੈੱਸ ਸੀ। 'ਪਾਗਲਪੰਤੀ' ਵਿੱਚ ਮੇਰੇ ਕਰੈਕਟਰ ਲਈ ਮੱਥਾਪੱਛੀ ਸ਼ੁਰੂ ਹੋਈ। ਅਨੀਸ ਇੰਨੇ ਕਾਬਿਲ ਹਨ ਕਿ ਮੈਨੂੰ ਯਕੀਨ ਸੀ ਕਿ ਉਹ ਮੇਰੇ ਲਈ ਕਰੈਕਟਰ ਲੱਭ ਲੈਣਗੇ। ਆਖਰ ਉਹ ਤਲਾਸ਼ ਵਾਈ ਫਾਈ 'ਤੇ ਆ ਕੇ ਮੁੱਕੀ।

* ਸੁਣਿਆ ਹੈ ਕਿ ਤੁਹਾਡੀ ਲਗਾਤਾਰ ਨਾਂਹ ਤੋਂ ਸਭ ਪ੍ਰੇਸ਼ਾਨ ਹੋ ਚੁੱਕੇ ਸਨ?

– ਜੀ ਹਾਂ, ਪਰ ਮੈਂ ਵੀ ਦੇਖਿਆ ਕਿ ਬੋਰਡ 'ਤੇ ਸਾਰੇ ਆਪਣੇ ਲੋਕ ਹਨ। ਜਾਨ ਦੇ ਇਲਾਵਾ ਅਰਸ਼ਦ ਵਾਰਸੀ, ਪੁਲਕਿਤ ਸਮਰਾਟ, ਮੁਕੇਸ਼ ਤਿਵਾੜੀ, ਇਨਾਮੁਲ ਹਕ ਅਤੇ ਸੌਰਭ ਸ਼ੁਕਲਾ ਵਰਗੇ ਸਮਰਥ ਕਲਾਕਾਰ ਹਨ ਤਾਂ ਮਹਿਸੂਸ ਹੋਇਆ ਕਿ ਇੱਕ ਬੜੀ ਪਿਆਰੀ ਟੀਮ ਬਣ ਰਹੀ ਹੈ। ਅਜਿਹੇ ਵਿੱਚ ਲੱਗਾ ਕਿ ਕਰ ਲੈਂਦੇ ਹਾਂ। ਭਗਵਾਨ ਦਾ ਨਾਂਅ ਲਿਆ ਅਤੇ ਪੰਜ ਛੇ ਮੁਲਾਕਾਤਾਂ ਦੇ ਬਾਅਦ ਹਾਂ ਕਹਿ ਦਿੱਤੀ। ਫਿਲਮ ਵਿੱਚ ਇੱਕ ਤਰ੍ਹਾਂ ਨਾਲ ਬੈਡ ਬੁਆਏਜ਼ ਦੇ ਰੂਪ ਵਿੱਚ ਅਰਸ਼ਦ, ਪੁਲਕਿਤ ਅਤੇ ਜਾਨ ਹਨ। ਮੇਰਾ ਅਤੇ ਸੌਰਭ ਸ਼ੁਕਲਾ ਦਾ ਕਰੈਕਟਰ ਬੈਡ ਆਦਮੀ ਦੇ ਤੌਰ ਤੇ ਹੈ। ਆਖਰ ਵਿੱਚ ਇਨਾਮੁਲ, ਮੁਕੇਸ਼ ਤਿਵਾੜੀ ਬੈਡੇਸਟ ਹਨ।

* ਇਲੀਆਨਾ ਡਿਕਰੂਜ ਨੂੰ ਲੋਕ ਲੱਕੀ ਮੈਸਕਟ ਬੁਲਾਉਣ ਲੱਗੇ ਹਨ? ਕੀ ਕਹੋਗੇ?

– ਇਲੀਆਨਾ ਮੇਰੀ ਲੱਕੀ ਮੈਸਕਟ ਹੈ। ਬੇਸਿਕਲੀ ਦੇਖਿਆ ਜਾਏ ਤਾਂ ਇਲੀਆਨਾ ਬਹੁਤ ਲੋਕਾਂ ਲਈ ਲੱਕੀ ਮੈਸਕਟ ਹਨ। ਮੈਂ ਆਮ ਤੌਰ 'ਤੇ ਕਹਿੰਦਾ ਨਹੀਂ ਕਿਉਂਕਿ ਇਸ 'ਤੇ ਨਜ਼ਰ ਨਹੀਂ ਲੱਗਣੀ ਚਾਹੀਦੀ, ਪਰ ਇਹ ਸੱਚ ਹੈ। ਬਾਕੀ ਕਲਕਾਰਾਂ ਦੇ ਨਾਲ 'ਰੇਡ', 'ਬਰਫੀ', 'ਮੁਬਾਰਕਾਂ' ਹਿੱਟ ਰਹੀਆਂ ਹਨ। 'ਪਾਗਲਪੰਤੀ' ਨੂੰ ਲੈ ਕੇ ਵੀ ਅਸੀਂ ਲੋਕ ਸ਼ਿਓਰ ਹਾਂ।

* ਤੁਸੀਂ ਡੇਟਸ ਦੇ ਕਾਰਨ ਫਿਲਮਾਂ ਛੱਡੀਆਂ ਹੋਣ ਅਜਿਹਾ ਕਦੋਂ ਹੋਇਆ?

– ਮੇਰੇ ਨਾਲ ਅਜਿਹਾ ਨਹੀਂ ਹੈ ਮੈਂ ਕੋਈ ਨਾ ਕੋਈ ਚੱਕਰ ਚਲਾ ਕੇ ਫਿਲਮ ਕਰ ਹੀ ਲੈਂਦਾ ਹਾਂ। ਇੱਕ-ਅੱਧ ਮੌਕੇ ਹੀ ਰਹੇ, ਜਿੱਥੇ ਮੈਂ ਸਾਹਮਣੇ ਤੋਂ ਡਾਇਰੈਕਟਰ ਨੂੰ ਕਹਿ ਦਿੰਦਾ ਹਾਂ ਕਿ ਬਈ, ਮੈਂ ਕਰੈਕਟਰ ਵਿੱਚ ਸੂਟ ਨਹੀਂ ਕਰਾਂਗਾ। ਕਿਸੇ ਹੋਰ ਨੂੰ ਲੈ ਲਓ। ਹਾਲਾਂਕਿ ਬਾਅਦ ਵਿੱਚ ਕੁਝ ਕੁ ਫਿਲਮਾਂ ਰਹੀਆਂ, ਜਿਨ੍ਹਾਂ ਨੂੰ ਮੈਂ ਮਨ੍ਹਾ ਕੀਤਾ ਅਤੇ ਉਹ ਹਿੱਟ ਹੋ ਗਈਆਂ। ਬਾਅਦ ਵਿੱਚ ਉਸ ਦਾ ਡਾਇਰੈਕਟਰ ਆ ਕੇ ਕਹਿੰਦਾ ਹੈ ਕਿ ਸਰ, ਤੁਸੀਂ ਕਰਦੇ ਤਾਂ ਕਰੈਕਟਰ ਵਿੱਚ ਚਾਰ ਚੰਨ੍ਹ ਲੱਗ ਜਾਂਦੇ। ਇਸ 'ਤੇ ਮੇਰਾ ਜਵਾਬ ਉਨ੍ਹਾਂ ਨੂੰ ਰਹਿੰਦਾ ਹੈ ਕਿ ਬਈ ਕਿਉਂ ਸ਼ਰਮਿੰਦਾ ਕਰਦੇ ਹੋ। ਕੁਝ ਡਾਇਰੈਕਟਰਾਂ ਨੇ ਆ ਕੇ ਡੀਮੋਰਲਾਈਜ਼ ਵੀ ਕੀਤਾ ਕਿ ਫਿਲਮ ਨਾ ਕਰ ਕੇ ਮੈਂ ਗਲਤੀ ਕੀਤੀ।

# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | **647-739-4641**
satsahibusa@gmail.com | **346-714-0224**

---

**New City Pizza & Kamal Sandhu Real Estate Present**

# BHANGRA FITNESS
ਭੰਗੜਾ

ENJOY DANCING, STAY FIT

**647.685.1685**

www.BhangraFitness.ca | bhangrafitness1@gmail.com

**Offering Bhangra Classes For All Ages**

*Now Open 6 Days a Week*



50 Lacoste Blvd, Unit-112 Brampton, ON L6P 3Z8

---

## NEED A LAWYER ??
# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1

---

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*

## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



